@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 17 May 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 17 ਮਈ 2024, 3 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 177, qpatrika@gmail.com ਫੋਨ : 9971359517 www.qaumipatrika.org

ਨਾਗਰਿਕਤਾ ਸੋਧ ਕਾਨੂੰਨ ਕੋਈ ਨਹੀਂ ਹਟਾ ਸਕਦਾ, ਇਹ ਕਾਨੂੰਨ ਮੋਦੀ ਦੀ ਗਾਰੰਟੀ ਦਾ ਤਾਜਾ ਉਦਾਹਰਣ ਹੈ: ਪ੍ਰਧਾਨ ਮੰਤਰੀ ਮੋਦੀ

ਸਿੰਮੀ ਕੌਰ ਬੱਬਰ

ਆਜਮਗੜ੍ਹ 16 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ਮੋਦੀ ਦੀ ਗਾਰੰਟੀ ਦਾ ਮਤਲਬ ਕੀ ਹੁੰਦਾ ਹੈ, ਇਸ ਦਾ ਤਾਜਾ ਉਦਾਹਰਣ ਨਾਗਰਿਕਤਾ ਸੋਧ ਕਾਨੂੰਨ () ਹੈ, ਜਿਸ ਦੇ ਤਹਿਤ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦਾ ਕੰਮ ਬੀਤੇ ਕੱਲ ਸ਼ੁਰੂ ਹੋ ਚੁੱਕਿਆ ਹੈ। ਪ੍ਰਧਾਨ ਮੰਤਰੀ ਅੱਜ ਆਜਮਗੜ੍ਹ ਤੋਂ ਭਾਜਪਾ ਉਮੀਦਵਾਰ ਦਿਨੇਸ਼ ਲਾਲ ਯਾਦਵ ਨਿਰਹੁਆ ਅਤੇ ਲਾਲਗੰਜ ਤੋਂ ਪਾਰਟੀ ਉਮੀਦਵਾਰ ਨੀਲਮ ਸੋਨਕਰ ਦੇ ਸਮਰਥਨ ਵਿਚ ਚੋਣਾਵੀ ਸਭਾ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੋਦੀ ਦੀ ਗਾਰੰਟੀ ਦਾ ਮਤਲਬ ਕੀ ਹੁੰਦਾ ਹੈ, ਇਸ ਦਾ ਤਾਜਾ ਉਦਾਹਰਣ ਕਾਨੂੰਨ ਹੈ। ਕੱਲ ਹੀ ਕਾਨੂੰਨ ਤਹਿਤ

ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਹ ਲੋਕ ਸ਼ਰਨਾਰਥੀ ਬਣ ਕੇ ਲੰਬੇ ਅਰਸੇ ਤੋਂ ਸਾਡੇ ਦੇਸ਼ ਵਿਚ ਰਹਿ ਰਹੇ ਹਨ। ਇਹ ਲੋਕ ਧਰਮ ਦੇ ਆਧਾਰ 'ਤੇ ਹੋਈ ਭਾਰਤ ਦੀ ਵੰਡ ਦੇ ਸ਼ਿਕਾਰ ਬਣੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਰਨਾਰਥੀਆਂ 'ਤੇ ਉੱਥੇ ਤਾਂ ਜੁਲਮ ਹੋਇਆ ਹੀ ਪਰ ਵੋਟ ਬੈਂਕ ਦੀ ਰਾਜਨੀਤੀ 'ਚ ਸ਼ਾਮਲ ਇੱਥੋਂ ਦੀਆਂ ਸਰਕਾਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਇਨ੍ਹਾਂ 'ਤੇ ਜੁਲਮ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਵਿਰੋਧੀ ਗਠਜੋੜ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਮੋਦੀ ਲੈ ਕੇ ਆਏ ਹਨ ਅਤੇ ਜਿਸ ਦਿਨ ਮੋਦੀ ਜਾਣਗੇ, ਇਹ ਵੀ ਚਲਾ ਜਾਵੇਗਾ। ਉਨ੍ਹਾਂ ਕਿਹਾ ਕਿ ਜਨਤਾ ਨੂੰ ਪਤਾ ਲੱਗ ਗਿਆ ਹੈ ਕਿ ਵੋਟ ਬੈਂਕ ਦੀ ਰਾਜਨੀਤੀ ਕਰਕੇ, ਹਿੰਦੂ-ਮੁਸਲਮਾਨਾਂ ਨੂੰ ਲੜਾ ਕੇ ਤੁਸੀਂ ਧਰਮ ਨਿਰਪੱਖਤਾ ਦਾ ਅਜਿਹਾ ਲਿਬਾਸ ਪਹਿਨ ਲਿਆ ਹੈ ਕਿ ਤੁਹਾਡੀ ਅਸਲੀਅਤ ਸਾਹਮਣੇ ਨਹੀਂ ਆ ਰਹੀ ਪਰ ਮੋਦੀ ਨੇ ਤੁਹਾਡੀ ਸੱਚਾਈ ਦਾ ਪਰਦਾਫਾਸ ਕਰ ਦਿੱਤਾ ਹੈ। ਤੁਸੀਂ ਸੱਤ ਦਹਾਕਿਆਂ ਤੱਕ ਦੇਸ ਨੂੰ ਫਿਰਕਾਪ੍ਰਸਤੀ ਦੀ ਅੱਗ ਵਿਚ ਸੰਘਰਸ ਕਰਨ ਲਈ ਮਜਬੂਰ ਕੀਤਾ ਸੀ। ਕਸਮੀਰ ਦਾ ਜ?ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਮੋਦੀ ਨੇ ਕਸਮੀਰ ਵਿਚ ਸਾਂਤੀ ਦੀ ਗਾਰੰਟੀ ਦਿੱਤੀ ਸੀ। ਮੋਦੀ ਨੇ ਧਾਰਾ 370 ਦੀ ਕੰਧ ਢਾਹ ਦਿੱਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਹਿਲਾਂ ਚੋਣਾਂ ਦੌਰਾਨ ਹੜਤਾਲਾਂ ਹੁੰਦੀਆਂ ਸਨ, ਅੱਤਵਾਦੀ ਧਮਕੀਆਂ ਦਿੰਦੇ ਸਨ ਪਰ ਇਸ ਵਾਰ ਸ਼੍ਰੀਨਗਰ ਵਿਚ ਪਿਛਲੀਆਂ ਕਈ ਚੋਣਾਂ ਦੇ ਰਿਕਾਰਡ ਟੁੱਟ ਗਏ। ਵਿਰੋਧੀ ਪਾਰਟੀਆਂ ਸਮਾਜਵਾਦੀ ਪਾਰਟੀ ਅਤੇ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਮਾਜਵਾਦੀ ਪਾਰਟੀ-ਕਾਂਗਰਸ, ਪਾਰਟੀਆਂ ਦੋ ਹਨ ਪਰ ਦੁਕਾਨ ਇਕ ਹੀ ਹੈ। ਇਹ ਝੂਠ ਦਾ ਸਾਮਾਨ ਵੇਚਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਵਿਰੋਧੀ ਗਠਜੋੜ 'ਇੰਡੀਅਨ ਨੈਸਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' ਪੂਰੀ ਤਰ੍ਹਾਂ ਤੁਸਟੀਕਰਨ ਦੀ ਦਲਦਲ ਵਿਚ ਧਸ ਗਿਆ ਹੈ। ਉਨ੍ਹਾਂ ਦੋਸ ਲਾਇਆ ਕਿ ਸਮਾਜਵਾਦੀ ਪਾਰਟੀ ਦੇ ਚੋਟੀ ਦੇ ਆਗੂ ਰਾਮ ਮੰਦਰ ਨੂੰ ਲੈ ਕੇ ਹਰ ਰੋਜ ਮਾੜੀਆਂ ਗੱਲਾਂ ਕਰ ਰਹੇ ਹਨ। ਕਾਂਗਰਸ ਦੇ ਸਹਿਜਾਦੇ ਨੇ ਤਾਂ ਰਾਮ ਮੰਦਰ ਨੂੰ ਗਾਲ੍ਹਾਂ ਕੱਢਣ ਦਾ ਮਿਸਨ ਹੀ ਪੂਰਾ ਕੀਤਾ ਹੈ।

ਭਲਕੇ ਪੰਜਾਬ ਆਉਣਗੇ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਮਾਨ ਨਾਲ ਕੱਢਣਗੇ ਵੱਡਾ ਰੋਡ ਸ਼ੋਅ

ਚੰਡੀਗੜ੍ਹ 16 ਮਈ। ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਭਲਕੇ ਪੰਜਾਬ ਆਉਣਗੇ। ਜੇਲ੍ਹ 'ਚੋਂ ਜਮਾਨਤ ਮਿਲਣ ਮਗਰੋਂ ਇਹ ਉਨ੍ਹਾਂ ਦੀ ਪਹਿਲੀ ਪੰਜਾਬ ਫੇਰੀ ਹੈ। ਇਸ ਦੌਰਾਨ ਉਹ ਅੰਮ੍ਰਿਤਸਰ ਤੋਂ ਪੰਜਾਬ ਵਿਚ ਚੋਣ ਪ੍ਰਚਾਰ ਦਾ ਆਗਾਜ ਕਰਨਗੇ। ਇਸ ਦੇ ਨਾਲ ਹੀ ਉਹ ਸ੍ਰੀ ਸੱਚਖੰਡ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਅਸ਼ੀਰਵਾਦ ਵੀ ਲੈਣਗੇ। ਜਾਣਕਾਰੀ ਮੁਤਾਬਕ ਅਰਵਿੰਦ ਕੇਜਰੀਵਾਲ 16 ਮਈ ਨੂੰ ਸ਼ਾਮ 6 ਵਜੇ ਅੰਮ੍ਰਿਤਸਰ ਵਿਚ ਵੱਡਾ ਰੋਡ ਸ਼ੋਅ ਕਰਨਗੇ। ਇਸ ਦੌਰਾਨ

ਉਨ੍ਹਾਂ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਮੌਜੂਦ ਰਹਿਣਗੇ। ਇਸ ਦੌਰਾਨ ਉਹ ਲੋਕ ਸਭਾ ਚੋਣਾਂ ਲਈ ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੇ ਹੱਕ ਵਿਚ ਚੋਣ ਪ੍ਰਚਾਰ ਕਰਨਗੇ। ਇਸ ਮਗਰੋਂ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੀਸ ਨਿਵਾਉਣ ਲਈ ਪਹੁੰਚਣਗੇ।

ਉਪ ਰਾਸਟਰਪਤੀ ਨੇ ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਡਾ: ਕਮਲਾ ਬੈਨੀਵਾਲ ਦੇ ਦਿਹਾਂਤ 'ਤੇ ਪ੍ਰਗਟਾਇਆ ਸੋਗ

ਜੈਤੋ 16 ਮਈ। ਉਪ ਰਾਸਟਰਪਤੀ ਜਗਦੀਪ ਧਨਖੜ ਨੇ ਤ੍ਰਿਪੁਰਾ, ਗੁਜਰਾਤ ਅਤੇ ਮਿਜੋਰਮ ਦੇ ਸਾਬਕਾ ਰਾਜਪਾਲ ਅਤੇ ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਡਾ: ਕਮਲਾ ਬੈਨੀਵਾਲ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਰਾਹੀਂ, ਉਪ ਰਾਸਟਰਪਤੀ ਨੇ



ਡਾਕਟਰ ਕਮਲਾ ਬੈਨੀਵਾਲ ਨੂੰ ਇੱਕ ਕੁਸਲ ਪ੍ਰਸਾਸਕ ਅਤੇ ਮਹਿਲਾ ਸਸਕਤੀਕਰਨ ਦੇ ਕੱਟਰ ਸਮਰਥਕ ਵਜੋਂ ਯਾਦ ਕੀਤਾ। ਉਨ੍ਹਾਂ ਕਿਹਾ, "ਉਸ ਦੇ ਸੁਭਾਅ ਵਿੱਚ ਨਿਹਿਤ ਦ੍ਰਿੜਤਾ ਅਤੇ ਸਾਦਗੀ ਦਾ ਸੁਮੇਲ ਹਮੇਸਾ ਲੋਕਾਂ ਵਿੱਚ ਪ੍ਰਸੰਸਾ ਪ੍ਰਾਪਤ ਕਰਦਾ ਹੈ।" ਡਾ: ਕਮਲਾ ਬੈਨੀਵਾਲ ਨਾਲ ਪੰਜ ਦਹਾਕਿਆਂ ਤੋਂ ਵੱਧ ਸਮੇਂ ਦੀ ਆਪਣੀ ਦੋਸਤੀ ਨੂੰ ਯਾਦ ਕਰਦੇ ਹੋਏ, ਉਪ ਰਾਸਟਰਪਤੀ ਨੇ ਉਨ੍ਹਾਂ ਦੇ ਦਿਹਾਂਤ ਨੂੰ ਇੱਕ ਨਿੱਜੀ ਘਾਟਾ ਮੰਨਿਆ ਅਤੇ ਡਾ. ਕਮਲਾ ਬੈਨੀਵਾਲ ਦੇ ਪਰਿਵਾਰ, ਦੋਸਤਾਂ ਅਤੇ ਪ੍ਰਸੰਸਕਾਂ ਨਾਲ ਹਮਦਰਦੀ ਪ੍ਰਗਟ ਕੀਤੀ।

ਲੋਕ ਸਭਾ ਚੋਣਾਂ ਮਗਰੋਂ ਮੱਧ ਪ੍ਰਦੇਸ਼ ਦੀਆਂ 7 ਸੀਟਾਂ 'ਤੇ ਹੋ ਸਕਦੀਆਂ ਹਨ ਜਿਮਨੀ ਚੋਣਾਂ, ਸ਼ਿਵਰਾਜ ਦੀ ਸੀਟ 'ਚ ਫਸ ਸਕਦੈ

ਭੋਪਾਲ 16 ਮਈ। ਲੋਕ ਸਭਾ ਚੋਣਾਂ ਤੋਂ ਬਾਅਦ ਮੱਧ ਪ੍ਰਦੇਸ ਦੀਆਂ 7 ਸੀਟਾਂ 'ਤੇ ਜ?ਿਮਨੀ ਚੋਣਾਂ ਦੀ ਸੰਭਾਵਨਾ ਵਧ ਗਈ ਹੈ। ਕਿਉਂਕਿ ਜੇਕਰ ਇਨ੍ਹਾਂ ਸੀਟਾਂ 'ਤੇ ਚੋਣ ਲੜ ਰਹੇ ਮੌਜੂਦਾ ਵਿਧਾਇਕ ਅਤੇ ਰਾਜ ਸਭਾ ਮੈਂਬਰ ਚੋਣ ਜਿੱਤ ਜਾਂਦੇ ਹਨ ਤਾਂ ਜ?ਿਮਨੀ ਚੋਣਾਂ ਹੋ ਸਕਦੀਆਂ ਹਨ। ਇਨ੍ਹਾਂ ਵਿਚ ਰਾਜ ਸਭਾ ਮੈਂਬਰ ਦਿਗਵਿਜੇ ਸਿੰਘ ਦੀ ਰਾਜਗੜ੍ਹ, ਜਯੋਤੀਰਾਦਿਤਿਆ ਸਿੰਧੀਆ ਦੀ ਗੁਨਾ ਅਤੇ ਸਭ ਤੋਂ ਮਹੱਤਵਪੂਰਨ ਸੀਟ ਸਾਬਕਾ ਮੁੱਖ ਮੰਤਰੀ ਸ?ਿਵਰਾਜ ਸਿੰਘ ਚੌਹਾਨ ਦੀ ਬੁਧਨੀ ਵਿਧਾਨ ਸਭਾ ਹੈ, ਕਿਉਂਕਿ ਇਹ ਸੀਟ ਦੋ ਦਹਾਕਿਆਂ ਤੋਂ ਸ?ਿਵਰਾਜ ਸਿੰਘ ਦਾ ਗੜ੍ਹ ਬਣੀ ਹੋਈ ਹੈ, ਇਸ ਲਈ ਸਿਆਸੀ ਵਾਰਸ ਚੁਣਨਾ ਆਸਾਨ ਨਹੀਂ ਹੈ। ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਸ?ਿਵਰਾਜ ਦੇ ਬੇਟੇ ਕਾਰਤੀਕੇਯ ਨੂੰ ਇਸ ਸੀਟ ਤੋਂ ਮੈਦਾਨ 'ਚ ਉਤਾਰਿਆ ਜਾ ਸਕਦਾ ਹੈ। ਜੇਕਰ ਸ?ਿਵਰਾਜ ਸਿੰਘ ਚੌਹਾਨ ਦੀ ਬੁਧਨੀ ਵਿਧਾਨ ਸਭਾ ਤੋਂ ਚੋਣ ਜਿੱਤਦੇ ਹਨ ਤਾਂ ਉੱਥੇ ਜ?ਿਮਨੀ ਚੋਣ ਹੋਵੇਗੀ। ਕਾਰਤੀਕੇਯ ਨੂੰ ਟਿਕਟ ਦੇਣ 'ਤੇ ਸਵਾਲ ਉਠਾਏ ਜਾਣਗੇ। ਜੇਕਰ ਟਿਕਟ ਕਿਸੇ ਹੋਰ ਨੂੰ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਸ?ਿਵਰਾਜ ਦੇ ਗੜ੍ਹ ਦਾ ਤਬਾਦਲਾ ਮੰਨਿਆ ਜਾ ਸਕਦਾ ਹੈ। ਦੋਵਾਂ ਮਾਮਲਿਆਂ ਵਿਚ ਚੋਣ ਮੁਸਕਲ ਹੋਵੇਗੀ। ਕੇਂਦਰੀ ਮੰਤਰੀ ਜਯੋਤੀਰਾਦਿਤਿਆ ਸਿੰਧੀਆ ਗੁਨਾ ਤੋਂ ਉਮੀਦਵਾਰ ਹਨ। ਉਨ੍ਹਾਂ ਦਾ ਰਾਜ ਸਭਾ ਕਾਰਜਕਾਲ 19 ਜੂਨ 2026 ਤੱਕ ਹੈ। ਅਜਿਹੇ 'ਚ ਜੇਕਰ ਸਿੰਧੀਆ ਇਹ ਚੋਣ ਜਿੱਤ ਜਾਂਦੇ ਹਨ ਤਾਂ ਇਸ ਸੀਟ 'ਤੇ ਜ?ਿਮਨੀ ਚੋਣ ਤੈਅ ਹੈ। ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਰਾਜਗੜ੍ਹ ਤੋਂ ਚੋਣ ਲੜ ਚੁੱਕੇ ਹਨ। ਰਾਜ ਸਭਾ ਮੈਂਬਰ ਦਿਗਵਿਜੇ ਦਾ ਕਾਰਜਕਾਲ ਵੀ 19 ਜੂਨ 2026 ਤੱਕ ਹੈ। ਜੇਕਰ ਉਹ ਜਿੱਤ ਜਾਂਦੇ ਹਨ ਤਾਂ ਉਨ੍ਹਾਂ ਦੀ ਰਾਜ ਸਭਾ ਸੀਟ ਲਈ ਵੀ ਜ?ਿਮਨੀ ਚੋਣ ਹੋਵੇਗੀ।

ਜਿਸ ਸਾਜਿਸ਼ ਤਹਿਤ ਅੰਮ੍ਰਿਤਪਾਲ ਨੂੰ ਆਜਾਦ ਉਮੀਦਵਾਰ ਬਣਾਇਆ

ਏਜੰਸੀਆਂ

ਅੰਮ੍ਰਿਤਸਰ/ਰਈਆ 16 ਮਈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਉਸ ਸਾਜ?ਿਸ ਨੂੰ ਸਮਝਣ, ਜਿਸ ਤਹਿਤ ਅੰਮ੍ਰਿਤਪਾਲ ਸਿੰਘ ਨੂੰ ਖਡੂਰ ਸਾਹਿਬ ਹਲਕੇ ਤੋਂ ਆਜਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਨਿਤਾਰਿਆ ਗਿਆ ਹੈ। ਉਨ੍ਹਾਂ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸਮਝਣ ਕਿ ਜਿਸ ਵਿਅਕਤੀ ਨੇ ਇਕ ਸਾਲ ਪਹਿਲਾਂ ਸਿੱਖੀ ਸਰੂਪ ਧਾਰਿਆ ਹੋਵੇ ਕੀ ਉਹ ਉਨ੍ਹਾਂ ਦੀ ਅਗਵਾਈ ਕਰਨ ਦੇ ਸਮਰੱਥ ਹੈ ਜਾਂ ਫਿਰ 103 ਸਾਲ ਪੁਰਾਣੀ ਪਾਰਟੀ, ਜੋ ਆਪਣੇ ਪੁਰਖ?ਿਆਂ ਦੇ ਕਦਮਾਂ 'ਤੇ ਚੱਲ ਰਹੀ ਹੈ, ਉਹ ਪਾਰਟੀ ਉਨ੍ਹਾਂ ਦੀ ਅਗਵਾਈ ਕਰਨ ਦੇ ਸਮਰੱਥ ਹੈ। ਅਕਾਲੀ ਦਲ ਦੇ ਪ੍ਰਧਾਨ, ਜਿਨ੍ਹਾਂ ਨੇ ਇਥੇ ਅਤੇ ਬਾਬਾ ਬਕਾਲਾ ਵਿਖੇ ਵਿਸਾਲ ਮੀਟਿੰਗਾਂ ਕੀਤੀਆਂ, ਨੇ ਕਿਹਾ ਕਿ ਇਕ ਵਿਅਕਤੀ ਜਿਸਨੇ ਇਕ ਸਾਲ ਅੰਮ੍ਰਿਤ ਛਕਿਆ ਹੋਵੇ ਤੇ ਚੋਲਾ ਪਾਉਂਦਾ ਹੋਵੇ, ਉਹ ਪੰਥ ਦਾ ਪ੍ਰਤੀਨਿਧ ਹੈ ਜਾਂ ਫਿਰ 103 ਸਾਲ ਪੁਰਾਣੀ ਪਾਰਟੀ ਜਿਸਦਾ ਪੰਥਕ ਕਦਰਾਂ ਕੀਮਤਾਂ ਦੀ ਰਾਖੀ ਦਾ ਰਿਕਾਰਡ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੁਲਾਂਕਣ ਕਰਨ ਕਿ ਕੀ ਅੰਮ੍ਰਿਤਪਾਲ ਨੂੰ ਕੇਂਦਰੀ ਏਜੰਸੀਆਂ ਨੇ ਤਾਂ ਖੜ੍ਹਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਲੋਕ ਆਪ ਵੇਖਣ ਕਿ ਪਹਿਲਾਂ ਇਕ ਵਿਅਕਤੀ ਤਿਆਰ ਕੀਤਾ

ਗਿਆ, ਫਿਰ ਉਸਦੀ ਪੇਸਕਾਰੀ ਕੀਤੀ ਗਈ, ਫਿਰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਫਿਰ ਸੁਰੱਖਿਅਤ ਹਿਰਾਸਤ ਵਿਚ ਰੱਖਿਆ ਗਿਆ ਤੇ ਹੁਣ ਅਕਾਲੀ ਦਲ ਦੀ ਲੋਕਪ੍ਰਿਅਤਾ ਦਾ ਟਾਕਰਾ ਕਰਨ ਵਾਸਤੇ ਪਾਰਲੀਮਾਨੀ ਚੋਣਾਂ ਵਿਚ ਖੜ੍ਹਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਨੇ ਪਹਿਲਾਂ ਇਹ ਸਟੈਂਡ ਲਿਆ ਸੀ ਕਿ ਉਹ ਰਾਜਨੀਤੀ ਵਿਚ ਨਹੀਂ ਆਉਣਾ ਚਾਹੁੰਦਾ ਤੇ ਸਿਰਫ 'ਅੰਮ੍ਰਿਤ ਪ੍ਰਚਾਰ' ਹੀ ਕਰਨਾ ਚਾਹੁੰਦਾ ਹੈ ਤੇ ਨਸ?ਿਆਂ ਖਿਲਾਫ ਲੜਾਈ ਲੜਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਵੀ ਸੱਚਾਈ ਹੈ ਕਿ ਅੰਮ੍ਰਿਤਪਾਲ ਦੇ ਐੱਨ. ਐੱਸ. ਏ. ਤਹਿਤ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਉਸ ਨੂੰ ਨਾਮਜਦਗੀ ਪੱਤਰ ਭਰਵਾਉਣ ਲਈ ਹਰ ਸਹੂਲਤ ਦਿੱਤੀ ਗਈ। ਇਕ ਕਦਮ ਹੋਰ ਅੱਗੇ ਵਧਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਸਵਾਲ ਕੀਤਾ ਕਿ ਅੰਮ੍ਰਿਤਪਾਲ ਸਿੰਘ ਕੌਮ ਦੀ ਅਗਵਾਈ ਕਰਨ ਬਾਰੇ ਕਿਵੇਂ ਸੋਚ ਸਕਦਾ ਹੈ ਜਦੋਂ ਉਹ ਇਕ ਸਾਲ ਤੱਕ ਵੀ ਜੇਲ੍ਹ ਵਿਚ ਨਹੀਂ ਰਹਿ ਸਕਿਆ। ਉਨ੍ਹਾਂ ਕਿਹਾ ਕਿ ਜਦੋਂ ਸਵ. ਪ੍ਰਕਾਸ ਸਿੰਘ ਬਾਦਲ 16 ਸਾਲ ਤੱਕ ਜੇਲ੍ਹ ਵਿਚ ਰਹੇ ਤਾਂ ਅਸੀਂ ਉਸ ਵੇਲੇ ਉਨ੍ਹਾਂ ਨੂੰ ਛੁਡਵਾਉਣ ਲਈ ਇਕ ਵੀ ਧਰਨਾ ਨਹੀਂ ਦਿੱਤਾ ਸੀ। ਬਾਦਲ ਨੇ ਜੋਰ ਦੇ ਕਿ ਕਿਹਾ ਕਿ ਅਕਾਲੀ ਆਗੂਆਂ ਨੇ ਆਪ ਗ੍ਰਿਫਤਾਰੀਆਂ ਦਿੱਤੀਆਂ ਤੇ ਕਦੇ ਵੀ ਆਪਣਾ ਸਰੂਪ ਨਹੀਂ ਬਦਲਿਆ ਤੇ ਛੁਪ ਕੇ ਨਹੀਂ ਰਹੇ, ਜਦੋਂ ਕਿ ਅੰਮ੍ਰਿਤਪਾਲ ਸਿੰਘ ਨੇ ਫੜੇ ਜਾਣ ਦੇ ਡਰੋਂ ਲੁਕਦਾ ਰਿਹਾ।

ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ ਭਾਰਤ ਦਾ ਹਿੱਸਾ ਹੈ

ਪੱਛਮੀ ਬੰਗਾਲ 16 ਮਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ () ਵਿਚ ਵਿਰੋਧ ਪ੍ਰਦਰਸ਼ਨਾਂ ਦਾ ਜ?ਿਕਰ ਕਰਦਿਆਂ ਕਿਹਾ ਕਿ ਭਾਰਤ ਦਾ ਹਿੱਸਾ ਹੈ ਅਤੇ ਅਸੀਂ ਇਸ ਨੂੰ ਲੈ ਕੇ ਰਹਾਂਗੇ। ਸ਼ਾਹ ਨੇ ਕਿਹਾ ਕਿ 2019 'ਚ ਧਾਰਾ-370 ਰੱਦ ਹੋਣ ਮਗਰੋਂ ਇਕ ਸਮਾਂ ਅਸ਼ਾਂਤ ਰਹੇ ਕਸ਼ਮੀਰ 'ਚ ਸ਼ਾਤੀ ਪਰਤ ਆਈ ਹੈ ਪਰ ਹੁਣ ਵਿਰੋਧ ਪ੍ਰਦਰਸ਼ਨਾਂ ਅਤੇ ਆਜਾਦੀ ਦੇ ਨਾਅਰਿਆਂ ਨਾਲ ਗੂੰਜ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ 2019 ਵਿਚ ਧਾਰਾ- 370 ਰੱਦ ਕਰਨ ਮਗਰੋਂ ਕਸ਼ਮੀਰ ਵਿਚ ਸ਼ਾਂਤੀ ਪਰਤ ਆਈ ਹੈ ਪਰ ਹੁਣ ਅਸੀਂ 'ਚ ਵਿਰੋਧ ਪ੍ਰਦਰਸ਼ਨ ਵੇਖ ਰਹੇ ਹਾਂ। ਪਹਿਲਾਂ ਇੱਥੇ ਆਜਾਦੀ ਦੇ ਨਾਅਰੇ ਸੁਣਾਈ ਦਿੰਦੇ ਸਨ, ਹੁਣ ਉਹੀ ਨਾਅਰੇ 'ਚ ਸੁਣਾਈ ਦਿੰਦੇ ਹਨ। ਪਹਿਲਾਂ ਇੱਥੇ ਪੱਥਰ ਸੁੱਟੇ ਜਾਂਦੇ ਸਨ, ਹੁਣ ਵਿਚ ਪਥਰਾਅ ਹੋ ਰਿਹਾ ਹੈ। ਦੀ ਮੰਗ ਦਾ ਸਮਰਥਨ ਨਾ ਕਰਨ 'ਤੇ ਕਾਂਗਰਸੀ ਨੇਤਾਵਾਂ 'ਤੇ ਨਿਸਾਨਾ ਵਿੰਨ੍ਹਦੇ ਹੋਏ ਸਾਹ ਨੇ ਕਿਹਾ ਕਿ ਮਣੀ ਸੰਕਰ ਅਈਅਰ ਵਰਗੇ ਕਾਂਗਰਸੀ ਨੇਤਾ ਕਹਿੰਦੇ ਹਨ ਕਿ ਅਜਿਹਾ ਨਹੀਂ ਕਰਨਾ ਚਾਹੀਦਾ ਕਿਉਂਕਿ ਉਨ੍ਹਾਂ ਕੋਲ ਪਰਮਾਣੂ ਬੰਬ ਹੈ ਪਰ ਮੈਂ ਕਹਿਣਾ ਚਾਹੁ

ਨਵਾਂ ਫਰਜੀਵਾੜਾ : ਲੱਖਾਂ ਕਮਾਉਣ ਦੇ ਚੱਕਰ ਵਿਚ ਟ੍ਰੈਵਲ ਏਜੰਟਾਂ ਨੇ ਕਈਆਂ 'ਤੇ ਲਗਵਾ ਦਿੱਤਾ 10 ਸਾਲ ਦਾ ਬੈਨ

ਜਲੰਧਰ 16 ਮਈ। ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਡਾਲਰਾਂ-ਪੌਂਡਾਂ ਦੇ ਸੁਨਹਿਰੀ ਸੁਪਨੇ ਦਿਖਾ ਕੇ, ਯੂ. ਕੇ. 'ਚ ਵਰਕ ਪਰਮਿਟ ਦਵਾਉਣ ਦਾ ਝਾਂਸਾ ਦੇ ਕੇ ਤੇ ਉਥੇ ਲੱਖਾਂ ਰੁਪਏ ਮਹੀਨਾ ਕਮਾਉਣ ਦੇ ਨਾਲ-ਨਾਲ ਕੁਝ ਸਮੇਂ ਬਾਅਦ ਉਥੇ ਹੀ ਪੀ. ਆਰ. ਹੋਣ ਦੀ ਗੱਲ ਕਹਿ ਕੇ ਲੋਕਾਂ ਨਾਲ ਹੈਲਥਕੇਅਰ, ਕੰਸਟਰੱਕਸ਼ਨ ਤੇ ਆਈ. ਟੀ. ਸੈਕਟਰ 'ਚ ਹੋਏ ਫਰਜੀਵਾੜੇ ਤੋਂ ਬਾਅਦ ਹੁਣ ਕਥਿਤ ਤੌਰ 'ਤੇ ਟ੍ਰੈਵਲ ਏਜੰਟਾਂ ਵੱਲੋਂ ਮੈਕਸੀਕੋ ਰਾਹੀਂ ਅਮਰੀਕਾ ਵਿਚ 'ਡੌਂਕੀ' ਲੁਆ ਕੇ ਭੇਜਣ ਦਾ ਫਰਜੀਵਾੜਾ ਸਾਹਮਣੇ ਆ ਰਿਹਾ ਹੈ। ਸੂਤਰਾਂ ਮੁਤਾਬਕ ਪੰਜਾਬ ਦੇ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਯੂ. ਕੇ. ਵਰਕ ਪਰਮਿਟ ਦੇ ਨਾਂ 'ਤੇ ਲੱਖਾਂ-ਕਰੋੜਾਂ ਰੁਪਏ ਕਮਾ ਕੇ ਲੋਕਾਂ ਦੀ ਜਿ?ਦਗੀ ਨਾਲ ਖਿਲਵਾੜ ਕੀਤਾ ਹੈ, ਜਿਸ ਕਾਰਨ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਵੀ ਹੁਣ ਉਨ੍ਹਾਂ ਨੂੰ ਉਥੇ ਕੰਮ ਨਹੀਂ ਮਿਲ ਰਿਹਾ ਤੇ ਕੰਪਨੀਆਂ ਬੰਦ ਹੋਣ 'ਤੇ ਉਨ੍ਹਾਂ ਦੇ ਸਿਰ 'ਤੇ ਇਲ-ਲੀਗਲ ਹੋਣ ਦੀ ਤਲਵਾਰ ਵੀ ਲਟਕਣ ਲੱਗੀ ਹੈ। ਸੂਤਰਾਂ ਨੇ ਦੱਸਿਆ ਕਿ ਸੂਬੇ ਭਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਵਰਕ ਪਰਮਿਟ ਦੇ ਨਾਂ 'ਤੇ ਅਜਿਹੀ ਖੇਡ ਖੇਡੀ ਤੇ ਲੋਕਾਂ ਨੂੰ ਯੂ. ਕੇ. ਤੋਂ ਮੈਕਸੀਕੋ ਅਤੇ ਉਥੋਂ 'ਡੌਂਕੀ' ਲੁਆ ਕੇ ਅਮਰੀਕਾ ਭੇਜਣ ਦੇ ਨਾਂ 'ਤੇ ਇਕ ਹੀ ਵਰਕ ਪਰਮਿਟ 'ਤੇ ਲੱਖਾਂ ਰੁਪਏ ਵੱਖਰੇ ਤੌਰ 'ਤੇ ਕਮਾ ਲਏ ਹਨ। ਜੇਕਰ ਯੂ. ਕੇ. ਹੈਲਥਕੇਅਰ, ਆਈ. ਟੀ. ਸੈਕਟਰ ਤੇ ਕੰਸਟਰੱਕਸ਼ਨ ਕੈਟਾਗਰੀ ਵਿਚ ਕੋਈ ਇਨ੍ਹਾਂ ਦੇ ਹੱਥੇ ਚੜ੍ਹ ਕੇ ਆਪਣਾ ਬਿਨੈ-ਪੱਤਰ ਅਪਲਾਈ ਕਰਦਾ ਸੀ ਤਾਂ ਕਈ ਟ੍ਰੈਵਲ ਕਾਰੋਬਾਰੀ ਵਰਕ ਪਰਮਿਟ ਦੇ ਨਾਂ 'ਤੇ ਇਕ ਬਿਨੈਕਾਰ ਤੋਂ 30 ਤੋਂ 40 ਲੱਖ ਰੁਪਏ ਤਾਂ ਲੈਂਦੇ ਹੀ ਸਨ ਜਦਕਿ ਉਸਦੇ ਨਾਲ ਹੀ ਫਰਜੀ ਸਪਾਊਸ ਬਣਾ ਕੇ ਉਸ ਦਾ ਵਰਕ ਪਰਮਿਟ ਲੁਆਉਣ ਤੇ ਬਾਅਦ 'ਚ ਉਸ ਨੂੰ ਉਥੋਂ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਸਪਾਊਸ ਤੋਂ 50 ਤੋਂ 60 ਲੱਖ ਰੁਪਏ ਵੱਖ ਤੋਂ ਲੈਂਦੇ ਸਨ। ਸੂਤਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਬਿਨੈਕਾਰ ਕੋਲ ਯੂ. ਕੇ. ਦਾ ਵੈਲਿਡ ਵੀਜਾ ਹੁੰਦਾ ਹੈ ਤਾਂ ਉਸ ਨੂੰ ਮੈਕਸੀਕੋ ਵਿਚ ਆਨ-ਅਰਾਈਵਲ ਵੀਜਾ ਮਿਲਦਾ ਸੀ। ਬਸ ਇਸੇ ਗੱਲ ਦਾ ਕੁਝ ਟ੍ਰੈਵਲ ਕਾਰੋਬਾਰੀਆਂ ਨੇ ਖੂਬ ਫਾਇਦਾ ਉਠਾਇਆ। ਇਕ ਵਰਕ ਪਰਮਿਟ 'ਤੇ ਸਪਾਊਸ ਨੂੰ ਨਾਲ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਕਮਾ ਕੇ ਆਪਣੀਆਂ ਜੇਬਾਂ ਵਿਚ ਪਾ ਲਏ। ਇਸ ਫਰਜੀਵਾੜੇ ਦਾ ਪਤਾ ਲੱਗਣ 'ਤੇ ਹੁਣ ਯੂ. ਕੇ. ਸਰਕਾਰ ਮਾਰਚ/ਅਪ੍ਰੈਲ ਤੋਂ ਸਪਾਊਸ ਵੀਜੇ 'ਤੇ ਪਾਬੰਦੀ ਲਾ ਸਕਦੀ ਹੈ। ਯੂ. ਕੇ. ਸਰਕਾਰ ਨੇ ਇਸ ਫਰਜੀਵਾੜੇ ਨੂੰ ਦੇਖਦੇ ਹੋਏ ਲਗਭਗ ਇਕ ਹਜਾਰ ਕੰਪਨੀਆਂ ਦੇ ਲਾਇਸੈਂਸ ਤਕ ਰੱਦ ਕਰ ਦਿੱਤੇ ਹਨ, ਜਿਸ ਕਾਰਨ ਪੰਜਾਬ ਵਿਚ ਵੱਡੇ ਪੱਧਰ 'ਤੇ 'ਕਾਸ' ਵਰਕ ਪਰਮਿਟ ਦਾ ਗੋਰਖਧੰਦਾ ਕਰਨ ਵਾਲੇ ਟ੍ਰੈਵਲ ਏਜੰਟਾਂ ਦਾ ਧੰਦਾ ਹੀ ਠੱਪ ਹੋ ਗਿਆ ਕਿਉਂਕਿ ਕੰਪਨੀਆਂ ਬੰਦ ਹੋਣ 'ਤੇ ਉਥੇ ਪਹੁੰਚੇ ਲੋਕਾਂ ਦੇ ਵਰਕ ਪਰਮਿਟ ਵੀ ਰੱਦ ਹੋ ਗਏ ਹਨ। ਇਸ ਕਾਰਨ ਹੁਣ ਲੋਕਾਂ ਨੂੰ ਵੱਖਰੀ ਕੰਪਨੀ ਵਿਚ ਵੱਖਰਾ ਪਰਮਿਟ ਲੈਣ ਲਈ ਫਿਰ ਤੋਂ ਲੱਖਾਂ ਰੁਪਏ ਖਰਚਣੇ ਹੋਣਗੇ। ਖਦਸ਼ਾ ਪ੍ਰਗਟ ਕੀਤਾ ਜਾਂ ਰਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ 'ਕਾਸ' ਦੇ ਨਾਂ 'ਤੇ ਠੱਗੀ ਕਰਨ ਵਾਲੇ ਕਈ ਟ੍ਰੈਵਲ ਏਜੰਟਾਂ ਅਤੇ ਕਈ ਗੁਜਰਾਤੀਆਂ ਖਿ?ਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ 'ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ 'ਤੇ ਭੇਜਣ ਦੇ ਨਾਂ 'ਤੇ ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਲਾਇਸੈਂਸ ਦੇ ਬਿਨਾਂ ਹੀ ਕਰ ਰਹੇ ਸਨ। ਹੁਣ ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਨੂੰ ਨਾ ਤਾਂ ਪੁਲਸ ਤੇ ਨਾ ਹੀ ਪ੍ਰਸ਼ਾਸਨ ਦਾ ਕੋਈ ਡਰ ਸੀ। ਬੀ.2ਬੀ. (ਬਿਜਨੈੱਸ ਟੂ ਬਿਜਨੈੱਸ) ਯਾਨੀ ਯੂ . ਕੇ. ਵਰਕ ਪਰਮਿਟ ਦਾ 'ਕਾਸ' ਆਉਣ 'ਤੇ ਉਹ ਟ੍ਰੈਵਲ ਕਾਰੋਬਾਰੀਆਂ ਨੂੰ ਵੀ ਆਪਣਾ ਲੱਖਾਂ ਰੁਪਏ ਦਾ ਮਾਰਜਨ ਰੱਖ ਕੇ ਵੇਚਦੇ ਸਨ। ਇਸ ਤੋਂ ਪਹਿਲਾਂ ਬੀ.2ਬੀ. ਲਈ ਪਹਿਲਾਂ ਸੂਬੇ ਦੇ ਕਈ ਹੋਟਲਾਂ ਵਿਚ ਉਕਤ ਲੋਕ ਮੀਟਿੰਗ ਲਈ ਬੈਠਦੇ ਸਨ, ਫਿਰ ਇਸ ਗੋਰਖਧੰਦੇ ਨੂੰ ਅੰਜਾਮ ਦਿੰਦੇ ਸਨ। ਇਸ ਤੋਂ ਬਾਅਦ ਹੌਲੀ-ਹੌਲੀ 'ਕਾਸ' ਦੀ ਡਿਮਾਂਡ ਇੰਨੀ ਵਧੀ ਕਿ ਗੁਜਰਾਤੀ ਵੀ ਕਈ-ਕਈ ਵਾਰ ਪੰਜਾਬ ਆਉਣ ਲੱਗੇ ਪਰ ਹੁਣ ਇਸ ਫਰਜੀਵਾੜੇ ਦੇ ਫੜੇ ਜਾਣ ਤੋਂ ਬਾਅਦ ਤੇ ਪੁਲਸ ਦੀ ਕਾਰਵਾਈ ਤੋਂ ਬਚਣ ਲਈ ਗੁਜਰਾਤੀ ਪੰਜਾਬ ਛੱਡ ਕੇ ਗੁਜਰਾਤ ਨੂੰ ਭੱਜ ਖੜ੍ਹੇ ਹੋਏ। ਵਰਕ ਪਰਮਿਟ ਦੇ ਨਾਂ 'ਤੇ ਲੱਖਾਂ ਰੁਪਏ ਕਮਾਉਣ ਦੇ ਚੱਕਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਤਾਂ 'ਕਾਸ' ਵਿਚ ਹੀ ਫਰਜੀਵਾੜਾ ਕਰ ਕੇ ਕਈ ਬਿਨੈਕਾਰਾਂ ਦੇ ਬਿਨੈ-ਪੱਤਰ ਅਪਲਾਈ ਕਰਵਾ ਦਿੱਤੇ। ਫਰਜੀਵਾੜਾ ਫੜੇ ਜਾਣ ਤੋਂ ਬਾਅਦ ਯੂ. ਕੇ. ਸਰਕਾਰ ਨੇ ਬਿਨੈ-ਪੱਤਰ ਅਪਲਾਈ ਕਰਨ ਵਾਲੇ ਲੋਕਾਂ 'ਤੇ 10 ਸਾਲ ਤਕ ਦਾ ਬੈਨ ਲਾ ਦਿੱਤਾ, ਜਿਸ ਨੂੰ ਲੈ ਕੇ ਕਈ ਟ੍ਰੈਵਲ ਏਜੰਟਾਂ ਦੇ ਦਫਤਰਾਂ ਵਿਚ ਰੋਜਾਨਾ ਵਿਵਾਦ ਵਧ ਰਹੇ ਹਨ। ਸੂਤਰਾਂ ਨੇ ਦੱਸਿਆ ਕਿ ਕਈ ਏਜੰਟਾਂ ਨੇ ਇਸ ਗੋਰਖਧੰਦੇ ਨੂੰ ਅੰਜਾਮ ਦੇ ਕੇ ਕਰੋੜਾਂ ਅਤੇ ਕਈ ਗੁਜਰਾਤੀਆਂ ਖਿ?ਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ 'ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ 'ਤੇ ਭੇਜਣ ਦੇ ਨਾਂ 'ਤੇ ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਰੁਪਏ ਕਮਾਏ ਅਤੇ ਇਸ ਧੰਦੇ ਤੋਂ ਮੋਟੀ ਕਮਾਈ ਕਰ ਕੇ ਉਕਤ ਏਜੰਟਾਂ ਨੇ ਪੂਰੇ ਸੂਬੇ ਦੇ ਕਈ ਸ਼ਹਿਰਾਂ ਵਿਚ ਪ੍ਰਾਪਰਟੀ ਵੀ ਖਰੀਦੀ ਪਰ ਯੂ. ਕੇ. ਸਰਕਾਰ ਵੱਲੋਂ ਇਹ ਫਰਜੀਵਾੜਾ ਫੜੇ ਜਾਣ ਤੋਂ ਬਾਅਦ ਉਕਤ ਏਜੰਟਾਂ ਨੇ ਆਪਣੇ ਪਰਿਵਾਰਾਂ ਨੂੰ ਹੀ ਵਿਦੇਸ਼ ਭੇਜ ਦਿੱਤਾ ਤਾਂ ਕਿ ਪੁਲਸ ਦੀ ਕਾਰਵਾਈ ਤੋਂ ਬਚ ਸਕਣ। ਜਾਣਕਾਰੀ ਮੁਤਾਬਕ ਉਕਤ ਟ੍ਰੈਵਲ ਏਜੰਟਾਂ ਦਾ ਵੀ ਲੋਕਾਂ ਨਾਲ ਵਰਕ ਪਰਮਿਟ ਦੇ ਨਾਂ 'ਤੇ ਲੱਖਾਂ ਰੁਪਏ ਦਾ ਲੈਣ-ਦੇਣ ਪੈਂਡਿੰਗ ਪਿਆ ਹੈ, ਜਿਸ ਨੂੰ ਲੈ ਕੇ ਲੋਕਾਂ ਨਾਲ ਉਨ੍ਹਾਂ ਦੇ ਕਈ ਵਾਰ ਵਿਵਾਦ ਹੋ ਚੁੱਕੇ ਹਨ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਟ੍ਰੈਵਲ ਕਾਰੋਬਾਰੀਆਂ ਖਿਲਾਫ ਸ਼ਿਕਾਇਤਾਂ ਵਧ ਸਕਦੀਆਂ ਹਨ। ਏ. ਡੀ. ਜੀ. ਪੀ. (ਐੱਨ. ਆਰ. ਆਈ.) ਪ੍ਰਵੀਨ ਸਿਨ੍ਹਾ ਨੇ ਦੱਸਿਆ ਕਿ ਨਿਯਮਾਂ ਦਾ ਉਲੰਘਣ ਕਰਨ ਤੇ ਬਿਨਾਂ ਲਾਇਸੈਂਸ ਦੇ ਇਹ ਨਾਜਾਇਜ ਕਾਰੋਬਾਰ ਕਰਨ ਵਾਲਿਆਂ ਖਿ?ਲਾਫ ਵਿਭਾਗ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਸੂਬੇ ਭਰ ਵਿਚ ਬਿਨਾਂ ਲਾਇਸੈਂਸ ਦੇ ਨਾਜਾਇਜ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਨੂੰ ਕਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਪੁਲਸ ਪ੍ਰਸ਼ਾਸਨ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਿਦੇਸ਼ ਜਾਣ ਤੋਂ ਪਹਿਲਾਂ ਆਪਣਾ ਬਿਨੈ-ਪੱਤਰ ਅਪਲਾਈ ਕਰਨ ਤੋਂ ਪਹਿਲਾਂ ਜਰੂਰ ਚੈੱਕ ਕਰ ਲੈਣ ਕਿ ਕਿਹੜਾ ਟ੍ਰੈਵਲ ਏਜੰਟ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।

ਬੰਦ ਹੋ ਸਕਦੀ ਹੈ ਵੇਰਕਾ ਦੁੱਧ ਦੀ ਸਪਲਾਈ, ਕੀ ਹੈ ਕਾਰਨ

ਜਲੰਧਰ 16 ਮਈ। ਜੇਕਰ ਤੁਸੀਂ ਵੀ ਵੇਰਕਾ ਦਾ ਦੁੱਧ ਲੈਂਦੇ ਹੋ ਤਾਂ ਇਹ ਖਬਰ ਤੁਹਾਡੇ ਲਈ ਅਹਿਮ ਹੈ। ਦਰਅਸਲ ਜਲੰਧਰ ਜਿ?ਲੇ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਵੇਰਕਾ ਮਿਲਕ ਪਲਾਂਟ ਆਊਟਸੋਰਸਡ ਕਰਮਚਾਰੀ ਯੂਨੀਅਨ ਜਲੰਧਰ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਵੇਰਕਾ ਮਿਲਕ ਪਲਾਂਟ ਦੇ ਮੁੱਖ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ। ਪ੍ਰਧਾਨ ਅਨਿਲ ਕੁਮਾਰ ਦੀ ਦੇਖ-ਰੇਖ ਹੇਠ ਦਿੱਤੇ ਧਰਨੇ ਦੌਰਾਨ ਪ੍ਰਸਾਸਨ ਵਿਰੋਧੀ ਨਾਅਰੇਬਾਜੀ ਕੀਤੀ ਗਈ ਅਤੇ ਚਿਤਾਵਨੀ ਦਿੱਤੀ ਗਈ। ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਦੁੱਧ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ। ਇਸ ਸਬੰਧੀ ਅਨਿਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ

ਦੀਆਂ ਮੰਗਾਂ ਵਿੱਚ ਆਊਟ ਸੋਰਸਿੰਗ ਭਰਤੀ ਬੰਦ ਕੀਤੀ ਜਾਵੇ ਅਤੇ ਲੰਬੇ ਸਮੇਂ ਤੋਂ ਕੰਮ ਕਰਦੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹਰ ਵਾਰ ਉਨ੍ਹਾਂ ਨੂੰ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਹੈ ਪਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ। ਇਸ ਵਾਰ ਜੇਕਰ ਉਨ੍ਹਾਂ ਦੀਆਂ ਮੰਗਾਂ ਤੁਰੰਤ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਦੁੱਧ ਦੀ ਸਪਲਾਈ ਵੀ ਬੰਦ ਕਰ ਸਕਦੇ ਹਨ, ਹਾਲਾਂਕਿ ਉਹ ਅਜਿਹਾ ਕੋਈ ਕਦਮ ਨਹੀਂ ਚੁੱਕਣਾ ਚਾਹੁੰਦੇ ਪਰ ਜੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਉਹ ਇਹ ਕਦਮ ਚੁੱਕਣ ਲਈ ਮਜਬੂਰ ਹੋਣਗੇ। ਦੂਜੇ ਪਾਸੇ ਵੇਰਕਾ ਮਿਲਕ ਪਲਾਂਟ ਵਿਖੇ ਤਾਇਨਾਤ ਅਧਿਕਾਰੀ ਜਤਿੰਦਰ ਪਾਲ ਸਿੰਘ ਨੇ ਕਿਹਾ ਕਿ ਇਕ-ਦੋ ਦਿਨਾਂ ਵਿੱਚ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ ਅਤੇ ਮੁਲਾਜਮਾਂ ਦੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ।

ਅਮਰੀਕਾ ਨੇ ਚੀਨੀ ਇਲੈਕਟ੍ਰਿਕ ਕਾਰਾਂ ਨੂੰ ਦੱਸਿਆ ਸੁਰੱਖਿਆ ਲਈ ਵੱਡਾ ਖਤਰਾ

ਨਵੀਂ ਦਿੱਲੀ 16 ਮਈ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੀਨੀ-ਨਿਰਮਿਤ ਆਟੋਮੋਟਿਵ ਸੌਫਟਵੇਅਰ ਇਹ ਪਤਾ ਲਗਾ ਸਕਦਾ ਹੈ ਕਿ ਅਮਰੀਕੀ ਕਿੱਥੇ ਜਾਂਦੇ ਹਨ। ਉਹ ਆਪਣੇ ਵਾਹਨਾਂ ਨੂੰ ਕਿੱਥੇ ਚਾਰਜ ਕਰਦੇ ਹਨ ਜਾਂ ਸੜਕ 'ਤੇ ਕਿਹੜਾ ਸੰਗੀਤ ਅਤੇ ਪੋਡਕਾਸਟ ਸੁਣਦੇ ਹਨ। ਉਨ੍ਹਾਂ ਕਿਹਾ ਕਿ ਚੀਨੀ ਅਧਿਕਾਰੀ ਚੀਨ ਵਿੱਚ ਵਾਹਨ ਵੇਚਣ ਵਾਲੀਆਂ ਅਮਰੀਕੀ ਆਟੋ ਕੰਪਨੀਆਂ ਨੂੰ ਆਪਣੇ ਵਾਹਨਾਂ ਵਿੱਚ ਚੀਨੀ ਸਾਫਟਵੇਅਰ ਲਗਾਉਣ ਲਈ ਮਜਬੂਰ ਕਰਦੇ ਹਨ। ਅਮਰੀਕੀ ਕੰਪਨੀਆਂ ਨੇ ਬਿਡੇਨ ਪ੍ਰਸਾਸਨ ਨੂੰ ਚੀਨ 'ਚ ਕਾਰੋਬਾਰ ਕਰਨ ਦੌਰਾਨ ਆਉਣ ਵਾਲੀਆਂ ਮੁਸਕਿਲਾਂ ਦੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਚੀਨੀ ਸਾਫਟਵੇਅਰ ਲਗਾਉਣ ਦਾ ਮਾਮਲਾ ਵੀ ਸ਼ਾਮਲ ਹੈ। ਇਹ ਬਾਈਡੇਨ ਦੀ ਉਦਯੋਗਿਕ ਨੀਤੀ ਨਾਲ ਸਿੱਧਾ ਟਕਰਾਅ ਹੈ। ਚੀਨ ਵਿੱਚ ਕੁਝ ਛੋਟੀਆਂ ਕਾਰਾਂ ਦੀ ਕੀਮਤ 9 ਲੱਖ ਰੁਪਏ ਤੱਕ ਹੈ। ਇਹ ਅਮਰੀਕੀ ਇਲੈਕਟ੍ਰਿਕ ਕਾਰਾਂ ਨਾਲੋਂ ਬਹੁਤ ਘੱਟ ਹੈ। ਬਾਈਡੇਨ ਨੇ ਵੀਰਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਚੀਨ ਗੈਰ-ਕਾਨੂੰਨੀ ਅਤੇ ਹੋਰ ਤਰੀਕੇ ਅਪਣਾ ਕੇ ਆਟੋ ਬਾਜਾਰ 'ਤੇ ਦਬਦਬਾ ਬਣਾਉਣਾ ਚਾਹੁੰਦਾ ਹੈ। ਚੀਨੀ ਕੰਪਨੀ ਦੀਆਂ ਨੀਤੀਆਂ ਕਾਰਨ ਸਾਡੇ ਬਾਜਾਰ 'ਚ ਇਸ ਦੇ ਵਾਹਨਾਂ ਦੀ ਭੀੜ ਹੋਵੇਗੀ। ਇਹ ਰਾਸਟਰੀ ਸੁਰੱਖਿਆ ਲਈ ਖਤਰਾ ਹੈ ਅਤੇ ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਫੈਸਲਾ ਲੈਣ ਤੋਂ ਪਹਿਲਾਂ ਸਰਕਾਰ ਨੇ ਆਟੋ ਕੰਪਨੀਆਂ, ਡੇਟ੍ਰੋਇਟ ਵਿੱਚ ਵਰਕਰ ਯੂਨੀਅਨਾਂ ਅਤੇ ਵੱਡੀ ਈਵੀ ਨਿਰਮਾਣ ਕੰਪਨੀ ਟੇਸਲਾ ਨਾਲ ਚਰਚਾ ਕੀਤੀ ਸੀ। ਹਾਲ ਹੀ ਵਿੱਚ ਟੇਸਲਾ ਨੂੰ ਪਿੱਛੇ ਛੱਡਦੇ ਹੋਏ ਚੀਨੀ ਕੰਪਨੀ ਇਲੈਕਟ੍ਰਿਕ ਕਾਰਾਂ ਵੇਚਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਬਣ ਗਈ ਹੈ। ਨਵੰਬਰ 'ਚ ਹੋਣ ਵਾਲੀਆਂ ਰਾਸਟਰਪਤੀ ਚੋਣਾਂ 'ਚ ਬਾਈਡੇਨ ਦੇ ਸੰਭਾਵੀ ਵਿਰੋਧੀ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ

ਨੇ ਹਮੇਸਾ ਬਾਈਡੇਨ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਰਾਸਟਰਪਤੀ ਨੇ ਆਟੋ ਕੰਪਨੀਆਂ ਨੂੰ ਇਲੈਕਟ੍ਰਿਕ ਕਾਰਾਂ ਬਣਾਉਣ ਲਈ ਮਜਬੂਰ ਕੀਤਾ ਹੈ। ਹਾਲਾਂਕਿ ਬਾਈਡੇਨ ਅਤੇ ਟਰੰਪ ਆਪਣੇ ਆਪ ਨੂੰ ਚੀਨ ਦੇ ਖਿਲਾਫ ਸਖਤ ਰੁਖ ਅਪਣਾਉਂਦੇ ਹੋਏ ਦਰਸਾਉਂਦੇ ਹਨ। ਵੀਰਵਾਰ ਦੇ ਫੈਸਲੇ ਨਾਲ ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਤੁਰੰਤ ਪਾਬੰਦੀ ਨਹੀਂ ਲੱਗਦੀ। ਹਾਲਾਂਕਿ, ਚੀਨੀ ਈਵੀਜ ਉੱਤੇ ਭਾਰੀ ਟੈਕਸ ਲਗਾਇਆ ਜਾਂਦਾ ਹੈ ਅਤੇ ਉਹ ਅਜੇ ਤੱਕ ਯੂਐਸ ਮਾਰਕੀਟ ਵਿੱਚ ਪ੍ਰਵੇਸ ਕਰਨ ਦੇ ਯੋਗ ਨਹੀਂ ਹਨ। ਰਾਸਟਰਪਤੀ ਦੀ ਰਾਸਟਰੀ ਆਰਥਿਕ ਕੌਂਸਲ ਦੇ ਮੁਖੀ ਲੇਲ ਬੇਨਾਰਡ ਦਾ ਕਹਿਣਾ ਹੈ ਕਿ ਚੀਨ ਵਿਦੇਸੀ ਬਾਜਾਰਾਂ ਨੂੰ ਵੱਡੇ ਪੱਧਰ 'ਤੇ ਆਪਣੀਆਂ ਕਾਰਾਂ ਅਤੇ ਹੋਰ ਵਾਹਨਾਂ ਦੀ ਸਪਲਾਈ ਕਰ ਰਿਹਾ ਹੈ। ਇਹਨਾਂ ਵਿੱਚੋ

ਬਾਰ 'ਚ ਚੱਲ ਰਹੀ ਜਨਮ ਦਿਨ ਦੀ ਪਾਰਟੀ 'ਚ ਅੰਨ੍ਹੇਵਾਹ ਫਾਇਰਿੰਗ, 8 ਲੋਕਾਂ ਦੀ ਹੋਈ ਮੌਤ

ਕੁਇਟੋ 16 ਮਈ। ਇਕਵਾਡੋਰ ਵਿਚ ਇਕ ਬਾਰ ਵਿਚ ਜਨਮਦਿਨ ਦੇ ਜਸਨ ਦੌਰਾਨ ਅੰਨ੍ਹੇਵਾਹ ਗੋਲੀਬਾਰੀ ਵਿਚ 8 ਲੋਕਾਂ ਦੀ ਮੌਤ ਹੋ ਗਈ। ਇਹ ਘਟਨਾ ਸਾਂਤਾ ਏਲੇਨਾ ਸੂਬੇ ਵਿਚ ਵਾਪਰੀ ਹੈ ਅਤੇ ਅਜੇ ਤੱਕ ਇਹ ਸਪੱਸਟ ਨਹੀਂ ਹੋਇਆ ਹੈ ਕਿ ਹਮਲਾ ਉਸੇ ਵਿਅਕਤੀ 'ਤੇ ਕੀਤਾ ਗਿਆ ਸੀ ਜਿਸ ਨੇ ਸਮਾਗਮ ਦਾ ਆਯੋਜਨ ਕੀਤਾ ਸੀ। ਸਥਾਨਕ ਪੁਲਸ ਨੇ ਦੱਸਿਆ ਕਿ ਹਮਲਾਵਰ ਇਕ ਟੈਕਸੀ ਅਤੇ ਦੋ ਮੋਟਰਸਾਈਕਲਾਂ 'ਤੇ ਸਵਾਰ ਸਨ। ਇਹ ਘਟਨਾ ਕੁਇਟੋ ਤੋਂ 185 ਮੀਲ (300 ਕਿਲੋਮੀਟਰ) ਦੱਖਣ-ਪੱਛਮ ਵਿਚ ਚੰਦੂਏ ਸਹਿਰ ਦੇ ਇਕ ਬਾਰ ਵਿੱਚ ਵਾਪਰੀ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ 'ਚ 5 ਮਰਦ ਅਤੇ 3 ਔਰਤਾਂ ਹਨ ਅਤੇ ਉਨ੍ਹਾਂ ਖਿਲਾਫ ਕੋਈ ਅਪਰਾਧਿਕ ਮਾਮਲਾ ਦਰਜ ਨਹੀਂ ਹੈ।

ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਫਿਰ ਤੋਂ ਚਰਚਾ 'ਚ, ਹਵਾਲਾਤੀਆਂ ਕੋਲੋਂ ਬਰਾਮਦ ਹੋਏ 26 ਮੋਬਾਈਲ ਤੇ 21 ਸਿਮ

ਅੰਮ੍ਰਿਤਸਰ 16 ਮਈ। ਕੇਂਦਰੀ ਜੇਲ੍ਹ 'ਚ ਅਚਨਚੇਤ ਚੈਕਿੰਗ ਦੌਰਾਨ 27 ਹਵਾਲਾਤੀਆਂ ਦੇ ਕਬਜੇ 'ਚੋਂ 26 ਮੋਬਾਈਲ ਅਤੇ 21 ਸਿਮ ਕਾਰਡ ਬਰਾਮਦ ਹੋਏ। ਵਧੀਕ ਜੇਲ੍ਹ ਸੁਪਰਡੈਂਟ ਮਨਦੀਪ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਇਸਲਾਮਾਬਾਦ ਦੀ ਪੁਲਸ ਨੇ ਹਵਾਲਾਤੀ ਗੁਰਪ੍ਰੀਤ ਸਿੰਘ, ਜਗਦੀਪ ਸਿੰਘ, ਹਰਮਨ ਸਿੰਘ, ਹਰਪ੍ਰੀਤ ਸਿੰਘ, ਅਰਸਦੀਪ ਸਿੰਘ, ਕੁਲਦੀਪ ਸਿੰਘ, ਰੋਹਿਤ ਸਿੰਘ, ਪ੍ਰਿੰਸੀਪਲ ਸਿੰਘ, ਸਰਬਜੀਤ ਸਿੰਘ, ਸੋਨੂੰ ਮਸੀਹ, ਹਰਜਿੰਦਰ ਸਿੰਘ, ਜਸਪਾਲ ਸਿੰਘ, ਮਨਪ੍ਰੀਤ ਸਿੰਘ, ਗੁਰਮੀਤ ਸਿੰਘ, ਹਰਦੀਪ ਸਿੰਘ, ਹਨੀਸ ਠਾਕੁਰ, ਰਾਜਪਾਲ ਸਿੰਘ, ਅਕਾਸਦੀਪ ਸਿੰਘ, ਧਰਮਵੀਰ ਸਿੰਘ, ਗੁਰਮੀਤ ਸਿੰਘ, ਸਾਗਰ, ਜਸਵਿੰਦਰ ਸਿੰਘ, ਰਾਜਵੰਤ ਸਿੰਘ, ਦਿਲਪ੍ਰੀਤ ਸਿੰਘ, ਮੁਖਤਾਰ ਸਿੰਘ ਤੇ ਸਰਵਣ ਸਿੰਘ ਖਿਲਾਫ ਕੇਸ ਦਰਜ ਕਰ ਕੇ ਸਾਰਿਆਂ ਨੂੰ ਪ੍ਰੋਡਕਸਨ ਵਾਰੰਟ 'ਤੇ ਲਿਆਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੁਬਈ 'ਚ ਕਤਲ ਹੋਏ ਜਲੰਧਰ ਦੇ ਨੌਜਵਾਨ ਦਾ ਪਰਿਵਾਰ ਆਇਆ ਸਾਹਮਣੇ, ਰੋਂਦੀ ਮਾਂ ਬੋਲੀ, ਖੂਨ ਦੇ ਬਦਲੇ ਚਾਹੀਦਾ ਖੂਨ

ਜਲੰਧਰ 16 ਮਈ। ਦੁਬਈ ਵਿਚ ਕਤਲ ਕੀਤੇ ਗਏ ਜਮਸ਼ੇਰ ਖਾਸ ਦੀ ਪੱਤੀ ਸੇਖੋਂ ਦੇ ਰਹਿਣ ਵਾਲੇ ਪੰਕਜ ਡੌਲ ਦੀ ਲਾਸ਼ ਐਤਵਾਰ ਤਕ ਭਾਰਤ ਆਉਣ ਦੀ ਉਮੀਦ ਹੈ। ਇਸ ਗੱਲ ਦੀ ਜਾਣਕਾਰੀ ਪੰਕਜ ਦੇ ਦੁਬਈ ਵਿਚ ਮੌਜੂਦ ਭਰਾ ਗੁਰਪ੍ਰੀਤ ਡੌਲ ਨੇ ਆਪਣੇ ਪਰਿਵਾਰ ਨੂੰ ਫੋਨ 'ਤੇ ਦਿੱਤੀ ਹੈ। ਪੰਕਜ ਦੀ ਲਾਸ਼ ਅਲਕੋਜ ਪੁਲਸ ਦੇ ਕਬਜੇ ਵਿਚ ਹੈ। ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਪੰਕਜ ਦੇ ਕਤਲ ਦੇ ਮਾਮਲੇ ਵਿਚ ਕਾਬੂ ਕੀਤੇ ਗਏ ਮੁਲਜਮਾਂ ਤੋਂ ਅਲਕੋਜ ਪੁਲਸ ਵੱਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੇ ਪੰਕਜ ਦਾ ਕਤਲ ਕਿਉਂ ਕੀਤਾ। ਕਾਤਲਾਂ ਦੇ ਨਾਂ ਵੀ ਪੁਲਸ ਕੋਲ ਆ ਚੁੱਕੇ ਹਨ। ਪੰਕਜ ਦੇ ਪਰਿਵਾਰ ਵਿਚ ਮਾਹੌਲ ਗਮਗੀਨ ਬਣਿਆ ਹੋਇਆ ਹੈ। ਮਾਂ ਅਤੇ ਭੈਣ ਸਮੇਤ ਪਰਿਵਾਰ ਦੇ ਹੋਰ ਲੋਕ ਪੰਕਜ ਦੀ ਲਾਸ਼ ਦੀ ਉਡੀਕ ਕਰ ਰਹੇ ਹਨ ਤਾਂ ਜੋ ਉਸ ਦੇ ਆਖਰੀ ਦਰਸ਼ਨ ਕਰ ਸਕਣ। ਮਾਂ ਬੋਲੀ ਉਨ੍ਹਾਂ ਨੂੰ ਖੂਨ ਦੇ ਬਦਲੇ ਖੂਨ ਚਾਹੀਦਾ ਹੈ, ਜਿਸ ਤਰ੍ਹਾਂ ਨਾਲ ਉਨ੍ਹਾਂ ਦਾ ਪੁੱਤ ਮਰਿਆ, ਉਸੇ ਤਰ੍ਹਾਂ ਹੀ ਉਹ ਵੀ ਮਰੇ ਜਿਸ ਨੇ ਉਸ ਦਾ ਕਤਲ ਕੀਤਾ ਹੈ। ਭੈਣ ਨੇ ਦੱਸਿਆ ਕਿ ਪੰਕਜ ਗੁਰਦੁਆਰਾ ਸਾਹਿਬ ਗਿਆ ਸੀ ਅਤੇ ਵਾਪਸ ਆਉਂਦੇ ਸਮੇਂ ਇਕ ਸ਼ੋਅ ਰੂਮ ਵਿਚੋਂ ਸਾਮਾਨ ਖਰੀਦ ਕੇ ਦੋਸਤਾਂ ਨਾਲ ਚਾਹ ਪੀਤੀ ਅਤੇ ਫਿਰ ਉਹ ਪਾਰਕਿੰਗ ਵਿਚੋਂ ਗੱਡੀ ਨੂੰ ਲੈਣ ਲਈ ਗਿਆ ਸੀ। ਉਥੇ ਪਾਰਕਿੰਗ ਵਿਚ ਪਹਿਲਾਂ ਤੋਂ ਕੁਝ ਨੌਜਵਾਨ ਖੜ੍ਹੇ ਸਨ, ਜੋਕਿ ਆਪਸ ਵਿਚ ਝਗੜਾ ਕਰ ਰਹੇ ਸਨ। ਪੰਕਜ ਨੇ ਉਨ੍ਹਾਂ ਨੂੰ ਇੰਨਾ ਹੀ ਕਿਹਾ ਕਿ ਕਿਹੜੀ ਗੱਲ ਤੋਂ ਝਗੜਾ ਕਰ ਰਹੇ ਹੋ, ਜੋ ਵੀ ਗੱਲ ਹੈ, ਉਹ ਬੈਠ ਕੇ ਇਕ ਪਾਸੇ ਹੋ ਕੇ ਕਰ ਲਵੋ। ਇੰਨਾ ਵਿਚ ਹੀ ਇਕ ਨੌਜਵਾਨ ਨੇ ਤੇਜਧਾਰ ਹਥਿਆਰ ਕੱਢ ਲਿਆ ਅਤੇ ਪੰਕਜ ਦੀ ਬਾਂਹ 'ਤੇ ਹਮਲਾ ਕਰ ਦਿੱਤਾ। ਸਾਨੂੰ ਐਤਵਾਰ ਰਾਤ ਨੂੰ ਮੇਰੇ ਛੋਟੇ ਭਰਾ ਦਾ ਮੈਨੂੰ ਫੋਨ ਆਇਆ ਅਤੇ ਦੱਸਿਆ ਕਿ ਪੰਕਜ ਦੇ ਸੱਟ ਲੱਗੀ ਹੋਈ ਹੈ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ ਹੈ। ਫਿਰ ਅਸੀਂ ਵੀ ਛੋਟੇ ਭਰਾ ਨੂੰ ਫੋਨ ਕਰਦੇ ਰਹੇ ਅਤੇ ਹਾਲ-ਚਾਲ ਪੁੱਛਦੇ ਰਹੇ। ਥੋੜ੍ਹੀ ਦੇਰ ਬਾਅਦ ਛੋਟੇ ਭਰਾ ਦਾ ਫੋਨ ਆਇਆ ਅਤੇ ਉਸ ਨੇ ਦੱਸਿਆ ਕਿ ਪੰਕਜ ਦੀ ਮੌਤ ਹੋ ਗਈ ਹੈ। ਪੰਕਜ ਨੂੰ ਦੁਬਈ ਵਿਚ ਕੰਮ ਕਰਦੇ ਨੂੰ ਕਰੀਬ 12 ਸਾਲ ਹੋ ਗਏ ਸਨ ਅਤੇ ਕਰੀਬ 6 ਮਹੀਨੇ ਪਹਿਲਾਂ ਹੀ ਉਹ ਛੁੱਟੀ ਕੱਟ ਕੇ ਵਾਪਸ ਗਿਆ ਸੀ। ਮਾਂ ਨੇ ਕਿਹਾ ਕਿ ਮੇਰੀ ਵੀ ਐਤਵਾਰ ਨੂੰ ਪੰਕਜ ਦੇ ਨਾਲ ਆਖਰੀ ਵਾਰ ਗੱਲਬਾਤ ਹੋਈ ਸੀ। ਸ਼ਾਮ ਨੂੰ ਇਸ ਘਟਨਾ ਬਾਰੇ ਪਤਾ ਲੱਗ ਗਿਆ। ਜਿਵੇਂ ਸਾਡਾ ਪੁੱਤ ਮਾਰਿਆ ਹੈ, ਉਵੇ ਹੀ ਸਾਨੂੰ ਖੂਨ ਦਾ ਬਦਲਾ ਖੂਨ ਹੀ ਚਾਹੀਦਾ ਹੈ। ਪੰਕਜ ਦਾ ਕਿਸੇ ਨਾਲ ਵੀ ਕੋਈ ਝਗੜਾ ਨਹੀਂ ਸੀ। ਭੈਣ ਨੇ ਦੱਸਿਆ ਕਿ ਉਸ ਦਾ ਸਹੁਰੇ ਪਰਿਵਾਰ ਨਾਲ ਹੀ ਝਗੜਾ ਚੱਲਦਾ ਸੀ ਅਤੇ ਉਸ ਦਾ ਪਤੀ ਵਿਦੇਸ਼ ਚਲਾ ਗਿਆ ਸੀ। ਉਸ ਦੇ ਪਤੀ ਵੱਲੋਂ ਪੰਕਜ ਨੂੰ ਇਹ ਕਿਹਾ ਗਿਆ ਸੀ ਕਿ ਆਪਣੀ ਭੈਣ ਨੂੰ ਕਹਿ ਕੇ ਪਰਚਾ ਵਾਪਸ ਲੈ ਲਵੇ, ਨਹੀਂ ਤਾਂ ਅੰਜਾਮ ਬੇਹੱਦ ਭਿਆਨਕ ਹੋਵੇਗਾ। ਇਕ ਕਾਤਲਸ ਰੱਈਏ ਦਾ ਦੱਸਿਆ ਜਾ ਰਿਹਾ ਹੈ ਜਦਕਿ ਬਾਕੀਆਂ ਬਾਰੇ ਜਾਂਚ ਕੀਤੀ ਜਾ ਰਹੀ ਹੈ। ਪੰਕਜ ਦਾ ਛੋਟਾ ਭਰਾ ਗੋਪੀ ਹੀ ਦੁਬਈ ਵਿਚ ਪੰਕਜ ਦੇ ਕਾਤਲਾਂ ਨੂੰ ਸਖਤ ਸਜਾ ਦਿਵਾਉਣ ਲਈ ਪੂਰੇ ਮਾਮਲੇ ਦੀ ਪੈਰਵੀ ਕਰ ਰਿਹਾ ਹੈ। ਪੰਕਜ ਜਦੋਂ ਐਤਵਾਰ ਨੂੰ ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਘਰ ਆ ਰਿਹਾ ਸੀ ਤਾਂ ਰਸਤੇ ਵਿਚ ਉਸ ਨੂੰ ਘੇਰ ਕੇ ਤੇਜਧਾਰ ਹਥਿਆਰਾਂ ਨਾਲ ਉਸ 'ਤੇ ਹਮਲਾ ਕਰਦਿਆਂ ਕੁਝ ਨੌਜਵਾਨਾਂ ਵੱਲੋਂ ਉਸ ਦਾ ਕਤਲ ਕਰ ਦਿੱਤਾ ਗਿਆ ਸੀ।

ਦੁਬਈ ਤੋਂ ਆਏ ਨੌਜਵਾਨ ਨਾਲ ਜਲੰਧਰ 'ਚ ਵਾਪਰਿਆ ਭਾਣਾ ! ਸੋਚਿਆ ਨਾ ਸੀ ਇੰਝ ਆਵੇਗੀ ਮੌਤ

ਜਲੰਧਰ 16 ਮਈ। ਕਿਸ਼ਨਪੁਰਾ ਚੌਕ ਤੋਂ ਦੋਆਬਾ ਚੌਕ ਵੱਲ ਜਾਂਦੀ ਸੜਕ 'ਤੇ ਸਥਿਤ ਕਮਲ ਹਸਪਤਾਲ ਨੇੜੇ ਬਣੇ ਸਪੀਡ ਬ੍ਰੇਕਰ ਤੋਂ ਐਕਟਿਵਾ ਦਾ ਸੰਤੁਲਨ ਵਿਗੜਨ ਨਾਲ ਚਾਲਕ ਦੀ ਦਰਦਨਾਕ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਪ੍ਰਦੀਪ ਸਿੰਘ ਪੁੱਤਰ ਸਤਨਾਮ ਸਿੰਘ ਨਿਵਾਸੀ ਦਿਲਬਾਗ ਨਗਰ ਵਜੋਂ ਹੋਈ ਹੈ। ਉਹ ਦੁਬਈ ਤੋਂ ਵਾਪਸ ਮੁੜਿਆ ਸੀ। ਥਾਣਾ ਨੰਬਰ 8 ਦੇ ਏ. ਐੱਸ. ਆਈ. ਸੰਜੇ ਕੁਮਾਰ ਨੇ ਦੱਸਿਆ ਕਿ ਪ੍ਰਦੀਪ ਸਿੰਘ ਕਿਸੇ ਕੰਮ ਐਕਟਿਵਾ 'ਤੇ ਸਵਾਰ ਹੋ ਕੇ ਜਾ ਰਿਹਾ ਸੀ। ਜਿਉਂ ਹੀ ਉਹ ਕਮਲ ਹਸਪਤਾਲ ਨੇੜੇ ਪੁੱਜਾ ਤਾਂ ਐਕਟਿਵਾ ਦੀ ਸਪੀਡ ਤੇਜ ਹੋਣ ਕਾਰਨ ਉਸਦਾ ਸੰਤੁਲਨ ਵਿਗੜ ਗਿਆ ਅਤੇ ਉਹ ਐਕਟਿਵਾ ਸਮੇਤ ਘਿਸੜਦਾ ਚਲਾ ਗਿਆ। ਸਿਰ 'ਤੇ ਸੱਟ ਲੱਗਣ ਨਾਲ ਪ੍ਰਦੀਪ ਸਿੰਘ ਗੰਭੀਰ ਰੂਪ ਵਿਚ ਜਖਮੀ ਹੋ ਗਿਆ, ਜਿਸਨੂੰ ਨਜਦੀਕੀ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਰਾਹਗੀਰਾਂ ਨੇ ਇਸ ਸਬੰਧੀ ਪੁਲਸ ਕੰਟਰੋਲ ਰੂਮ ਵਿਚ ਸੂਚਨਾ ਦਿੱਤੀ, ਜਿਸ ਤੋਂ ਬਾਅਦ ਏ. ਐੱਸ. ਆਈ. ਸੰਜੇ ਕੁਮਾਰ ਨੇ ਮੌਕੇ 'ਤੇ ਪਹੁੰਚ ਕੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਨਾ ਦਿੱਤੀ। ਪੁਲਸ ਨੇ ਸਿਵਲ ਹਸਪਤਾਲ ਤੋਂ ਪ੍ਰਦੀਪ ਸਿੰਘ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਸੀ। ਪੁਲਸ ਨੇ ਪ੍ਰਦੀਪ ਸਿੰਘ ਦੀ ਪਤਨੀ ਦੇ ਬਿਆਨਾਂ 'ਤੇ ਧਾਰਾ 174 ਤਹਿਤ ਕਾਰਵਾਈ ਕੀਤੀ ਹੈ।

3 ਦਿਨਾਂ ਲਈ ਰੱਦ ਰਹਿਣਗੀਆਂ ਕੈਂਟ ਤੇ ਸਿਟੀ ਸਟੇਸ਼ਨ ਤੋਂ ਲੰਘਣ ਵਾਲੀਆਂ 2 ਦਰਜਨ ਮਹੱਤਵਪੂਰਨ ਗੱਡੀਆਂ

ਜਲੰਧਰ 16 ਮਈ। ਕਿਸਾਨਾਂ ਦੇ ਪ੍ਰਦਰਸ਼ਨ ਕਾਰਨ ਰੋਜਾਨਾ 100 ਤੋਂ ਵੱਧ ਗੱਡੀਆਂ ਦੇ ਰੂਟ ਡਾਇਵਰਟ ਕਰਨੇ ਪੈ ਰਹੇ ਹਨ, ਜਿਸ ਨਾਲ ਰੇਲਵੇ ਟਰੈਕ ਬਿਜੀ ਹੋ ਰਹੇ ਹਨ ਅਤੇ ਗੱਡੀਆਂ ਨਿਰਧਾਰਿਤ ਸਮੇਂ ਤੋਂ ਲੇਟ ਪਹੁੰਚ ਰਹੀਆਂ ਹਨ। ਇਸੇ ਕੜੀ ਵਿਚ ਬੀਤੇ ਦਿਨ 12029 ਸੁਪਰਫਾਸਟ ਸ਼ਤਾਬਦੀ ਤੋਂ ਲੈ ਕੇ 12203 ਗਰੀਬ ਰੱਥ ਵਰਗੀਆਂ ਕਈ ਟਰੇਨਾਂ 5 ਘੰਟੇ ਦੀ ਦੇਰੀ ਨਾਲ ਰੇਲਵੇ ਸਟੇਸ਼ਨ 'ਤੇ ਪੁੱਜੀਆਂ, ਜਿਸ ਕਾਰਨ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਟਰੈਕ ਪ੍ਰਭਾਵਿਤ ਹੋਣ ਕਾਰਨ ਰੇਲਵੇ ਵੱਲੋਂ ਗੱਡੀਆਂ ਨੂੰ ਰੱਦ ਕੀਤਾ ਜਾ ਰਿਹਾ ਹੈ, ਜਿਸ ਕਾਰਨ ਯਾਤਰੀਆਂ ਨੂੰ ਆਪਣੀ ਮੰਜਿਲ 'ਤੇ ਪਹੁੰਚਣ ਲਈ ਦੂਜੇ ਬਦਲ ਲੱਭਣੇ ਪੈ ਰਹੇ ਹਨ। ਇਸੇ ਕੜੀ ਵਿਚ ਜਲੰਧਰ ਸਿਟੀ ਅਤੇ ਕੈਂਟ ਸਟੇਸ਼ਨ ਨਾਲ ਸਬੰਧਤ 2 ਦਰਜਨ ਟਰੇਨਾਂ ਨੂੰ 2-3 ਦਿਨਾਂ ਲਈ ਰੱਦ ਕੀਤਾ ਗਿਆ ਹੈ। 10 ਮਈ ਤਕ ਲਈ ਰੱਦ ਕੀਤੀਆਂ ਗਈਆਂ ਗੱਡੀਆਂ ਦੀ ਸੂਚੀ ਦੇ ਮੁਤਾਬਕ 14033-14034 (ਪੁਰਾਣੀ ਦਿੱਲੀ-ਕਟੜਾ), 12441-12442 (ਚੰਡੀਗੜ੍ਹ-ਅੰਮ੍ਰਿਤਸਰ), 12497-12498 (ਨਵੀਂ ਦਿੱਲੀ ਸ਼ਾਨ-ਏ-ਪੰਜਾਬ), 22429-22430 (ਦਿੱਲੀ-ਪਠਾਨਕੋਟ), 12459-12460 (ਨਵੀਂ ਦਿੱਲੀ-ਅੰਮ੍ਰਿਤਸਰ),12053-12054 (ਹਰਿਦੁਆਰ-ਅੰਮ੍ਰਿਤਸਰ), 12411-12412 (ਚੰਡੀਗੜ੍ਹ-ਅੰਮ੍ਰਿਤਸਰ) ਆਦਿ ਟਰੇਨਾਂ ਸ਼ਾਮਲ ਹਨ। ਟਰੇਨਾਂ ਦੇ ਪ੍ਰਭਾਵਿਤ ਹੋਣ ਕਾਰਨ ਰੇਲਵੇ ਸਟੇਸ਼ਨਾਂ 'ਤੇ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਪੇਸ਼ ਆ ਰਹੀਆਂ ਹਨ। ਇਸ ਕਾਰਨ ਲੋਕਾਂ ਦੀਆਂ ਕਤਾਰਾਂ ਇਨਕੁਆਰੀ ਕਾਊਂਟਰ 'ਤੇ ਦੇਖਣ ਨੂੰ ਮਿਲ ਰਹੀਆਂ ਹਨ। ਯਾਤਰੀਆਂ ਦਾ ਕਹਿਣਾ

ਹੈ ਕਿ ਜਿਹੜੀ ਗੱਡੀ 2 ਘੰਟੇ ਦੀ ਦੇਰੀ ਨਾਲ ਆ ਰਹੀ ਹੁੰਦੀ ਹੈ, ਜਲੰਧਰ ਪਹੁੰਚਣ ਤਕ ਉਹ 3 ਘੰਟੇ ਲੇਟ ਹੋ ਜਾਂਦੀ ਹੈ। ਇਸ ਲਈ ਵਾਰ-ਵਾਰ ਇਨਕੁਆਰੀ ਕਾਊਂਟਰ ਤੋਂ ਜਾਣਕਾਰੀ ਇਕੱਠੀ ਕਰਨੀ ਪੈਂਦੀ ਹੈ। ਗੱਡੀ ਨੰਬਰ 14681-14682 ਨਵੀਂ ਦਿੱਲੀ ਰੇਲਵੇ ਸਟੇਸ਼ਨ ਤੋਂ ਜਲੰਧਰ ਸਿਟੀ ਦੇ ਰੇਲਵੇ ਸਟੇਸ਼ਨ 'ਤੇ ਚੱਲਦੀ ਹੈ। ਇਹ ਜਲੰਧਰ ਤੋਂ ਦਿੱਲੀ ਜਾਣ ਵਾਲੀ ਮਹੱਤਵਪੂਰਨ ਟਰੇਨ ਹੈ, ਜਿਹੜੀ ਕਿ ਜਲੰਧਰ ਤੋਂ ਬਣ ਕੇ ਚੱਲਦੀ ਹੈ ਅਤੇ ਇਥੇ ਆ ਕੇ ਇਸ ਗੱਡੀ ਦਾ ਰੂਟ ਸਮਾਪਤ ਹੁੰਦਾ ਹੈ। ਮੁੱਖ ਤੌਰ 'ਤੇ ਜਿਹੜੀ ਗੱਡੀ ਜਿਸ ਸਟੇਸ਼ਨ ਤੋਂ ਬਣ ਕੇ ਚੱਲਦੀ ਹੈ, ਉਸ ਸ਼ਹਿਰ ਦੇ ਲੋਕਾਂ ਨੂੰ ਗੱਡੀ ਦਾ ਵਿਸ਼ੇਸ਼ ਲਾਭ ਹੁੰਦਾ ਹੈ ਅਤੇ ਸੀਟਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਬਣ ਕੇ ਚੱਲਣ ਵਾਲੀ ਗੱਡੀ ਵਿਚ ਬਿਨਾਂ ਬੁਕਿੰਗ ਦੇ ਸੀਟਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਇਸ ਗੱਡੀ ਨੂੰ ਜਲੰਧਰ-ਦਿੱਲੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਕਤ ਗੱਡੀ ਵੀ 8 ਤੋਂ 10 ਮਈ ਤਕ ਰੱਦ ਰਹੇਗੀ। ਇਸ ਗੱਡੀ ਨੂੰ ਮੁੱਖ ਤੌਰ 'ਤੇ ਮੱਧ ਵਰਗ ਦੇ ਲੋਕਾਂ ਵੱਲੋਂ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਲੋਕਾਂ ਦੀ ਮੰਗ ਹੈ ਕਿ ਇਸ ਗੱਡੀ ਨੂੰ ਚਲਾਉਣ ਦਾ ਪ੍ਰਬੰਧ ਵਿਭਾਗ ਨੂੰ ਕਰਨਾ ਚਾਹੀਦਾ ਹੈ। ਕਿਸਾਨਾਂ ਦੇ ਪ੍ਰਦਰਸ਼ਨ ਕਾਰਨ ਅੰਬਾਲਾ ਤੋਂ ਅੱਗੇ ਆਉਣ ਵਾਲੀਆਂ ਟਰੇਨਾਂ ਦੀ ਆਵਾਜਾਈ ਨੂੰ ਲੈ ਕੇ ਵਿਭਾਗ ਨੂੰ ਕਈ ਤਰ੍ਹਾਂ ਦੀਆਂ ਦਿੱਕਤਾਂ ਪੇਸ਼ ਆ ਰਹੀਆਂ ਹਨ। ਟਰੈਕ ਬਿਜੀ ਹੋਣ ਕਾਰਨ ਗੱਡੀਆਂ ਲੇਟ ਹੋ ਰਹੀਆਂ ਹਨ ਅਤੇ ਖਮਿਆਜਾ ਯਾਤਰੀਆਂ ਨੂੰ ਭੁਗਤਣਾ ਪੈ ਰਿਹਾ ਹੈ। ਇਸੇ ਤਰ੍ਹਾਂ ਨਾਲ ਜਿਹੜੀਆਂ ਟਰੇਨਾਂ ਦੇ ਰੂਟ ਡਾਇਵਰਟ ਕੀਤੇ ਗਏ ਹਨ, ਉਨ੍ਹਾਂ ਵਿਚ ਟਰੇਨ ਨੰਬਰ 12013 (ਨਵੀਂ ਦਿੱਲੀ-ਅੰਮ੍ਰਿਤਸਰ), 18103 (ਟਾਟਾ-ਅੰਮ੍ਰਿਤਸਰ), 13006 (ਹਾਵੜਾ-ਅੰਮ੍ਰਿਤਸਰ) ਸਮੇਤ 100 ਤੋਂ ਵੱਧ ਟਰੇਨਾਂ ਸ਼ਾਮਲ ਹਨ।

ਰੈਸਟੋਰੈਂਟ ਦੀ ਲਾਪ੍ਰਵਾਹੀ; ਪਨੀਰ ਸੈਂਡਵਿਚ ਦੀ ਥਾਂ ਭੇਜਿਆ ਚਿਕਨ ਸੈਂਡਵਿਚ

ਅਹਿਮਦਾਬਾਦ 16 ਮਈ। ਇੰਟਰਨੈੱਟ ਦੇ ਜਮਾਨੇ 'ਚ ਜ਼ਿੰਦਗੀ ਬਹੁਤ ਹੀ ਆਸਾਨ ਹੋ ਗਈ ਹੈ। ਮੋਬਾਈਲ ਜਰੀਏ ਅਸੀਂ ਘਰ ਬੈਠੇ ਹੀ ਆਪਣੀ ਮਨਪਸੰਦ ਚੀਜ ਆਰਡਰ ਕਰ ਦਿੰਦੇ ਹਾਂ। ਇੰਟਰਨੈੱਟ ਦੀ ਸਹੂਲਤ ਜਰੀਏ ਗੁਜਰਾਤ ਦੇ ਅਹਿਮਦਾਬਾਦ 'ਚ ਰਹਿਣ ਵਾਲੀ ਇਕ ਔਰਤ ਨੇ ਆਨਲਾਈਨ ਪਨੀਰ ਸੈਂਡਵਿਚ ਦਾ ਆਰਡਰ ਕੀਤਾ ਪਰ ਰੈਸਟੋਰੈਂਟ ਨੇ ਉਸ ਨੂੰ ਚਿਕਨ ਸੈਂਡਵਿਚ ਭੇਜ ਦਿੱਤਾ। ਔਰਤ ਨੇ ਜਦੋਂ ਉਸ ਨੂੰ ਖਾਧਾ ਤਾਂ ਪਤਾ ਲੱਗਾ ਕਿ ਉਹ ਚਿਕਨ ਸੈਂਡਵਿਚ ਖਾ ਰਹੀ ਹੈ। ਇਸ ਮਾਮਲੇ ਨੂੰ ਲੈ ਕੇ ਔਰਤ ਨੇ ਅਹਿਮਦਾਬਾਦ ਨਗਰ ਨਿਗਮ () ਦੇ ਫੂਡ ਵਿਭਾਗ ਵਿਚ ਸ਼ਿਕਾਇਤ ਦਰਜ ਕਰਵਾਈ। ਔਰਤ ਨੇ ਮਾਸ ਖੁਆਉਣ ਲਈ ਰੈਸਟੋਰੈਂਟ ਤੋਂ 50 ਲੱਖ ਰੁਪਏ ਦਾ ਮੁਆਵਜਾ ਮੰਗਿਆ ਹੈ। ਅਹਿਮਦਾਬਾਦ ਦੀ ਰਹਿਣ ਵਾਲੀ ਨਿਰਾਲੀ ਨਾਂ ਦੀ ਔਰਤ ਨੇ ਬੀਤੀ 3 ਮਈ ਨੂੰ ਆਪਣੇ ਦਫਤਰ ਤੋਂ ਪਨੀਰ ਸੈਂਡਵਿਚ ਆਰਡਰ ਕੀਤਾ ਸੀ ਪਰ ਨਿਰਾਲੀ ਨੂੰ ਰੈਸਟੋਰੈਂਟ ਨੇ ਚਿਕਨ ਸੈਂਡਵਿਚ ਆਰਡਰ ਕਰ ਦਿੱਤਾ। ਨਿਰਾਲੀ ਪੂਰੀ ਤਰ੍ਹਾਂ ਨਾਲ ਸ਼ਾਕਾਹਾਰੀ ਹੈ। ਉਸ ਨੇ ਦੱਸਿਆ ਕਿ ਪਹਿਲਾਂ ਉਸ ਨੂੰ ਲੱਗਾ ਕਿ ਪਨੀਰ ਇੰਨਾ ਸਖਤ ਕਿਉਂ ਹੈ, ਬਾਅਦ ਵਿਚ ਉਸ ਨੇ ਸੋਚਿਆ ਕਿ ਸੋਇਆ ਹੋਵੇਗਾ ਪਰ ਸੈਂਡਵਿਚ ਵਿਚ ਚਿਕਨ ਮੌਜੂਦ ਸੀ। ਸ਼ੁਰੂ ਵਿਚ ਇਹ ਸਮਝ ਨਹੀਂ ਆਇਆ ਕਿ ਉਸ ਨੂੰ ਜੋ ਡਿਲੀਵਰ ਹੋਇਆ ਹੈ, ਉਹ ਚਿਕਨ ਸੈਂਡਵਿਚ ਹੈ। ਨਿ

ਜਨਤਾ ਦੀ ਨਜ਼ਰ 'ਚ ਲੋਕ ਸਭਾ ਹਲਕਾ ਪਟਿਆਲਾ

ਡਾ: ਗਾਂਧੀ ਨੇ ਲਾਈ ਮੋਤੀ ਮਹਿਲ ਨੂੰ ਸੰਨ੍ਹ

ਪਟਿਆਲਾ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਵੇਂ ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ ਤਿਵੇਂ ਤਿਵੇਂ ਡਾਕਟਰ ਧਰਮਵੀਰ ਗਾਂਧੀ ਦੀ ਚੋਣ ਮੁਹਿੰਮ ਇੱਕ ਵੱਡੀ ਲਹਿਰ ਬਣਨ ਵੱਲ ਵਧ ਰਹੀ ਹੈ। ਹੁਣ ਡਾਕਟਰ ਗਾਂਧੀ ਨੇ ਮੋਤੀ ਮਹਿਲ ਨੂੰ ਸੰਨ੍ਹ ਲਾਉਂਦਿਆਂ ਲੰਮੇ ਸਮੇਂ ਤੋਂ ਮਹਿਲਾਂ ਨਾਲ਼ ਜੁੜੇ ਆਗੂਆਂ ਅਤੇ ਅਹੁਦੇਦਾਰਾਂ ਨੂੰ ਮੁੜ ਕਾਂਗਰਸ ਵਿੱਚ ਸ਼ਾਮਿਲ ਕਰਵਾ ਕੇ ਕਾਂਗਰਸ ਦੇ ਹੱਕ ਵਿੱਚ ਹਲਕੇ ਦੀ ਸਿਆਸੀ ਹਵਾ ਨੂੰ ਵੱਡਾ ਹੁਲਾਰਾ ਦਿੱਤਾ ਹੈ।

ਇਸੇ ਤਹਿਤ ਅੱਜ ਪਟਿਆਲਾ ਵਿਖ਼ੇ ਸ. ਪ੍ਰਤਾਪ ਸਿੰਘ ਬਾਜਵਾ ਜੀ ਦੀ ਅਗਵਾਈ ਵਿੱਚ ਕਈ ਮੌਜੂਦਾ ਤੇ ਸਾਬਕਾ ਕੌਂਸਲਰ ਅਤੇ ਹੋਰ ਅਹੁਦੇਦਾਰ ਭਾਜਪਾ ਨੂੰ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ ਜਿਸ ਵਿੱਚ ਸ੍ਰੀਮਤੀ ਸਰੋਜ਼ ਸ਼ਰਮਾ ਜੀ ਕੌਂਸਲਰ ਵਾਰਡ 35, ਸ੍ਰੀਮਤੀ ਪ੍ਰੋਮਿਲਾ ਮਹਿਤਾ ਜੀ ਕੌਂਸਲਰ ਵਾਰਡ 17, ਸ੍ਰੀ ਗੋਪੀ ਰੰਗੀਲਾ ਜੀ, ਸ੍ਰੀ ਪ੍ਰਿਅੰਕੁਰ ਮਲਹੋਤਰਾ ਜੀ, ਸੰਦੀਪ ਕੁਮਾਰ ਜੀ ਸ਼ਾਮਿਲ ਹਨ। ਇਸਤੋਂ ਇਲਾਵਾ ਮੁਸਲਿਮ ਲੀਗ ਨੂੰ ਛੱਡ ਕੇ ਡਾ. ਸਇਦ ਅਹਿਮਦ ਜੀ ਤੇ ਸਮੀਰ ਅਹਿਮਦ ਜੀ ਅਤੇ ਆਮ ਆਦਮੀ ਪਾਰਟੀ ਨੂੰ ਛੱਡ ਸ੍ਰੀਮਤੀ ਸਪਨਾ ਚੌਹਾਨ ਜੀ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ। ਇਸਦੇ ਨਾਲ਼ ਹੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੀਮਤੀ ਪ੍ਰਨੀਤ ਕੌਰ ਦੇ ਪੁਰਾਣੇ ਸਹਯੋਗੀ ਰਹੇ ਸਵ: ਸ: ਸਰਦਾਰ ਸਿੰਘ ਦੇ ਸਪੁੱਤਰ ਸੁਰਿੰਦਰਜੀਤ ਸਿੰਘ ਰੂਬੀ ਹੁਰਾਂ ਨੇ ਵੀ ਕਾਂਗਰਸ ਦਾ ਪੱਲਾ ਫੜ੍ਹ ਲਿਆ।

ਇਸ ਮੌਕੇ ਸ: ਹਰਿੰਦਰਪਾਲ ਸਿੰਘ ਹੈਰੀ ਮਾਨ ਹਲਕਾ ਇੰਚਾਰਜ ਸਨੌਰ, ਨਰਿੰਦਰਪਾਲ ਲਾਲੀ, ਨਰੇਸ਼ ਦੁੱਗਲ (ਜਿਲ੍ਹਾ ਪ੍ਰਧਾਨ ਸ਼ਹਿਰੀ), ਰੇਖਾ ਅਗਰਵਾਲ ਪ੍ਰਧਾਨ ਮਹਿਲਾ ਕਾਂਗਰਸ ਜ਼ਿਲ੍ਹਾ ਪਟਿਆਲਾ ਸ਼ਹਿਰੀ ਸਮੇਤ ਵੱਡੀ ਗਿਣਤੀ ਵਿੱਚ ਅਹੁਦੇਦਾਰ ਅਤੇ ਵਰਕਰ ਸਹਿਬਾਨ ਮੌਜੂਦ ਰਹੇ।

ਲੋਕਾਂ ਦਾ ਹਜੂਮ ਦੱਸ ਰਿਹਾ ਕਿ ਕੇਜਰੀਵਾਲ ਆ ਰਹੇ ਹਨ, ਮੋਦੀ ਜਾ ਰਹੇ ਹਨ : ਡਾ ਬਲਬੀਰ

ਪਟਿਆਲਾ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਇਥੇ ਪੰਜਾਬ ਦੇ ਸਿਹਤ ਮੰਤਰੀ ਅਤੇ ਪਟਿਆਲਾ ਤੋਂ ਆਪ ਦੇ ਲੋਕ ਸਭਾ ਉਮੀਦਵਾਰ ਡਾ ਬਲਬੀਰ ਸਿੰਘ ਨੇ ਜਿਲ੍ਹਾਂ ਚੋਣ ਅਧਿਕਾਰੀ ਕਮ ਡਿਪਟੀ ਕਮਿਸ਼ਨਰ ਸ਼ੋਕਤ ਅਹਿਮਦ ਪਰੈ ਕੋਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਮੌਕੇ ਪਾਰਟੀ ਦੇ ਕਈ ਉੱਘੇ ਨੇਤਾ ਵੀ ਉਨ੍ਹਾਂ ਦੇ ਨਾਲ ਸਨ। ਦੱਸਣਯੋਗ ਹੈ ਕਿ ਡਾ ਬਲਬੀਰ ਨੇ ਅੱਜ ਕਾਗਜ ਭਰਨ ਤੋਂ ਪਹਿਲਾ ਸਵੇਰੇ ਆਪਣੀ ਧਰਮਪਤਨੀ ਨਾਲ ਸ੍ਰੀ ਦੁੱਖਨਿਵਾਰਨ ਸਾਹਿਬ ਅਤੇ ਸ੍ਰੀ ਕਾਲੀ ਮਾਤਾ ਮੰਦਿਰ ਵਿਖੇ ਨਤਸਮਤਕ ਹੋ ਕੇ ਆਸ਼ੀਰਵਾਦ ਲਿਆ। ਇਸ ਮਗਰੋਂ ਡਾ ਬਲਬੀਰ ਅਤੇ ਕਈ ਵਿਧਾਇਕਾਂ ਤੇ ਇਲਾਵਾ ਸੈਕੜੇਂ ਲੋਕਾਂ ਭਾਰੀ ਇਕੱਠ ਵੱਡੇ ਰੋਡ ਸ਼ੋਅ ਦੇ ਰੂਪ ਵਿੱਚ ਜਿਲਾਂ ਪ੍ਰਬੰਧਕੀ ਕੰਪਲੈਕਸ ਦੇ ਬਾਹਰ ਤੱਕ ਗਿਆ । ਲੋਕਾਂ ਦੇ ਭਾਰੀ ਇਕੱਠ ਨਾਲ ਕੱਢੇ ਰੋਡ ਸ਼ੋਅ ਦੀ ਖਾਸ ਗੱਲ ਇਹ ਰਹੀ ਕਿ ਪ੍ਰਬੰਧਕੀ ਟੀਮ ਵੱਲੋਂ ਆਮ ਸੜਕੀ ਆਵਾਜਾਈ ਪ੍ਰਭਾਵਿਤ ਹੋਣ ਤੋਂ ਰੋਕਣ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ ਤਾਂ ਜੋ ਰਾਹਗੀਰਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ।

ਡਾ ਬਲਬੀਰ ਵੱਲੋਂ ਵੱਲੋਂ ਵੱਡੇ ਰੋਡ ਸ਼ੋਅ ਮਗਰੋਂ ਨਾਮਜ਼ਦਗੀ ਕਾਗ਼ਜ਼ ਦਾਖ਼ਲ ਕੀਤੇ ਗਏ। ਰੋਡ ਸ਼ੋਅ ਦਾ ਥਾਂ ਥਾਂ 'ਤੇ ਸਵਾਗਤ ਕਰਨ ਲਈ ਲੋਕਾਂ ਵੱਲੋਂ ਡਾ ਬਲਬੀਰ ਦੇ ਕਾਫ਼ਲੇ 'ਤੇ ਜੰਮ ਕੇ ਫੁੱਲਾਂ ਦੀ ਵਰਖਾ ਵੀ ਕੀਤੀ ਗਈ।ਇਸ ਰੋਡ ਸ਼ੋਅ ਦੌਰਾਨ ਉੱਘੇ ਨੇਤਾਵਾਂ ਅਤੇ ਆਗੂਆਂ ਤੋਂ ਇਲਾਵਾ ਸੈਕੜਿਆਂ ਦੀ ਤਾਦਾਦ ਵਿੱਚ ਪਾਰਟੀ ਵਰਕਰ ਮੌਜੂਦ ਸਨ। ਰੋਡ ਸ਼ੋਅ ਦੌਰਾਨ ਕਾਗ਼ਜ਼ ਦਾਖ਼ਲ ਕਰਨ ਤੱਕ ਆਪ ਦੇ ਵਿਧਾਇਕ ਚੇਤਨ ਸਿੰਘ ਜੋੜੇਮਾਜਰਾ, ਹਰਚੰਦ ਸਿੰਘ ਬਰਸਟ ਜਰਨਲ ਸਕੱਤਰ ਪੰਜਾਬ ਅਤੇ ਚੇਅਰਮੈਨ ਮੰਡੀ ਬੋਰਡ, ਰਣਜੋਧ ਸਿੰਘ ਹੜਾਣਾ ਚੈਅਰਮੈਨ ਪੀ ਆਰ ਟੀ ਸੀ ਅਤੇ ਸੂਬਾ ਸਕੱਤਰ ਪੰਜਾਬ, ਐਮ ਐਲ ਏ ਅਜੀਤਪਾਲ ਸਿੰਘ ਕੋਹਲੀ, ਐਮ ਐਲ ਏ ਹਰਮੀਤ ਸਿੰਘ ਪਠਾਣਮਾਜਰਾ, ਐਮ ਐਲ ਏ ਨੀਨਾ ਮਿੱਤਲ, ਐਮ ਐਲ ਏ ਕੁਲਵੰਤ ਸਿੰਘ ਬਾਜ਼ੀਗਰ, ਐਮ ਐਲ ਏ ਗੁਰਲਾਲ ਘਨੌਰ, ਐਮ ਐਲ ਏ ਦੇਵ ਮਾਨ, ਐਮ ਐਲ ਏ ਕੁਲਜੀਤ ਰੰਧਾਵਾ, ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਡਾ ਬਲਬੀਰ ਨੇ ਕਿਹਾ ਕਿ ਪਟਿਆਲਾ ਦੇ ਲੋਕਾਂ ਨੇ ਨਾਮਜ਼ਦਗੀ ਪੱਤਰ ਭਰਨ 'ਤੇ ਜੋ ਉਤਸ਼ਾਹ ਦਿਖਾਇਆ ਹੈ ਤਾਂ ਸਪੱਸ਼ਟ ਹੋ ਗਿਆ ਹੈ ਕਿ ਲੋਕਾਂ ਨੇ ਪਟਿਆਲੇ ਦੀ ਸੀਟ ਵੱਡੇ ਫਰਕ ਨਾਲ ਜਿਤਾ ਕੇ ਪਾਰਟੀ ਦੀ ਝੋਲੀ ਪਾਉਣੀ ਹੈ। ਆਪ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਜਲਦ ਪੰਜਾਬ ਫੇਰੀ ਵਰਕਰਾਂ ਵਿੱਚ ਚਾਰਜਿੰਗ ਦਾ ਕੰਮ ਕਰੇਗੀ। ਡਾ ਬਲਬੀਰ ਨੇ ਕਿਹਾ ਕਿ ਉਨ੍ਹਾਂ ਦਾ ਸਮਾਜਿਕ ਜੀਵਨ ਇੱਕ ਖੁੱਲ੍ਹੀ ਕਿਤਾਬ ਵਾਂਗ ਲੋਕਾਂ ਦੇ ਸਾਹਮਣੇ ਹੈ। ਉਨ੍ਹਾਂ ਦੇ ਸਾਹਮਣੇ ਵਾਲੇ ਉਮੀਦਵਾਰ ਪੈਸੇ ਜਾਂ ਸੱਤਾ ਦੀ ਤਾਕਤ ਪੱਖੋਂ ਧਨੀ ਹੋ ਸਕਦੇ ਹਨ ਪਰ ਉਨ੍ਹਾਂ ਨਾਲ ਪਟਿਆਲਾ ਲੋਕ ਸਭਾ ਹਲਕੇ ਦੇ ਲੋਕ ਖੜ੍ਹੇ ਹਨ ਅਤੇ ਲੋਕਾਂ ਦੀ ਤਾਕਤ ਹੀ ਉਨ੍ਹਾਂ ਨੂੰ ਸੰਸਦ ਵਿੱਚ ਪਹੁੰਚਾਏਗੀ। ਉਨਾ ਕਿਹਾ ਕਿ ਲੋਕਾਂ ਦਾ ਹਜੂਮ ਦੱਸ ਰਿਹਾ ਕਿ ਹੁਣ ਕੇਂਦਰ ਵਿੱਚ ਇੰਡਿਆਂ ਗੱਠਜੋੜ ਦੀ ਸਰਕਾਰ ਆ ਰਹੀ ਹੈ ਅਤੇ ਮੋਦੀ ਘਰ ਨੂੰ ਵਾਪਸੀ ਘਰ ਰਹੇ ਹਨ। ਹੁਣ ਮੋਦੀ ਸਰਕਾਰ ਦੇ ਨੁਮਾਇੰਦਿਆਂ ਨੂੰ ਹੁਣੇ ਤੋਂ ਆਪਣੇ ਪੁਰਾਣੇ ਘਰਾਂ ਦੇ ਪੱਖੇ ਏ ਸੀ ਸਰਵਿਸ ਕਰਵਾ ਲੈਣੇ ਚਾਹੀਦੇ ਹਨ। ਕਿਉਂਕਿ ਦੇਸ਼ ਦੇ ਲੋਕਾਂ ਦਾ ਮਿਜਾਜ ਜਿਵੇਂ ਪਹਿਲਾਂ ਪੰਜਾਬ ਵਿੱਚ ਬਦਲਾਅ ਲੈ ਕੇ ਆਇਆ ਸੀ ਉਸ ਤਰ੍ਹਾਂ ਹੀ ਹੁਣ ਦੇਸ਼ ਵਿੱਚ ਨਵਾਂ ਬਦਲਾਅ ਆਵੇਗਾ।

ਲੋਕਾਂ ਨੂੰ ਗੁੰਮਰਾਹ ਕਰਨ ਦੀ ਬਜਾਏ ਵਿਕਾਸ ਦੀ ਗੱਲ ਕਰੇ ਕਾਂਗਰਸ, ਭਾਜਪਾ ਤੇ ਆਪ: ਐਨ. ਕੇ. ਸ਼ਰਮਾ

ਪਟਿਆਲਾ ਸ਼ਹਿਰ ਦੀਆਂ ਕਲੋਨੀਆਂ ਵਿਚ ਐਨ. ਕੇ. ਸ਼ਰਮਾ ਨੂੰ ਮਿਲਿਆ ਜਨ ਸਮਰਥਨ

ਪਟਿਆਲਾ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ। ਪਟਿਆਲਾ ਲੋਕ ਸਭਾ ਹਲਕਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ. ਕੇ. ਸ਼ਰਮਾ ਨੇ ਚੋਣ ਮੈਦਾਨ ਵਿਚ ਉਤਰੇ ਕਾਂਗਰਸ, ਭਾਜਪਾ ਤੇ ਆਪ ਉਮੀਦਵਾਰ ਦੇ ਪ੍ਰਚਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਹ ਇਧਰ ਉਧਰ ਦੀਆਂ ਗੱਲਾਂ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਬਜਾਏ ਵਿਕਾਸ ਦੇ ਮੁੱਦੇ 'ਤੇ ਗੱਲ ਕਰਨ। ਸ਼ਰਮਾ ਅੱਜ ਚੋਣ ਪ੍ਰਚਾਰ ਅਭਿਆਨ ਤਹਿਤ ਪਟਿਆਲਾ ਦੀ ਗੁਰੂ ਤੇਗ ਬਹਦਰ ਕਲੋਨੀ, ਰਾਘੋ ਮਾਜਰਾ, ਸ਼ੀਸ਼ ਮਹਿਲ ਇਨਕਲੇਵ, ਰਾਏ ਮਾਜਰਾ, ਪੰਜਾਬੀ ਬਾਗ ਵਿਚ ਜਨ ਸਭਾਵਾਂ ਨੂੰ ਸੰਬੋਧਨ ਕਰ ਰਹੇ ਸਨ। ਹਲਕਾ ਇੰਚਾਰਜ ਅਮਰਿੰਦਰ ਸਿੰਘ ਬਜਾਜ ਦੀ ਅਗਵਾਈ ਵਿਚ ਆਯੋਜਿਤ ਇਨ੍ਹਾਂ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਸ਼ਰਮਾ ਨੇ ਕਿਹਾ ਕਿ ਉਹ ਪਿਛਲੇ ਕਰੀਬ ਇਕ ਮਹੀਨੇ ਤੋਂ ਲੋਕ ਸਭਾ ਖੇਤਰ ਦਾ ਦੌਰਾ ਕਰ ਰਹੇ ਹਨ। ਇਸ ਦੌਰਾਨ ਉਹ ਚੋਣ ਪ੍ਰਚਾਰ ਅਭਿਆਨ ਦਾ ਇਕ ਪੜਾਅ ਪੂਰਾ ਚੁੱਕੇ ਹਨ ਤੇ ਦੂਸਰਾ ਪੜਾਅ ਸਮਾਪਤ ਹੋਣ ਜਾ ਰਿਹਾ ਹੈ। ਉਨ੍ਹਾਂ ਨੇ ਹਮੇਸ਼ਾ ਹੀ ਇਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨਾਲ ਵਿਕਾਸ ਦੇ ਮੁੱਦੇ 'ਤੇ ਗੱਲਬਾਤ ਕੀਤੀ ਹੈ। ਇਸਦੇ ਉਲਟ ਵਿਰੋਧੀ ਪਾਰਟੀਆਂ ਦੇ ਉਮੀਦਵਾਰ ਵਿਕਾਸ ਦੀ ਗੱਲ ਕਰਨ ਦੀ ਬਜਾਏ ਇਧਰ ਦੀਆਂ ਗੱਲਾਂ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਨੀਤ ਕੌਰ ਕਰੀਬ 20 ਸਾਲਾਂ ਤੋਂ ਇਥੋਂ ਸੰਸਦ ਰਹੇ ਹਨ। ਇਸ ਲਈ ਅੱਜ ਹਲਕੇ ਦੇ ਕਰੀਬ 1200 ਪਿੰਡਾਂ ਵਿਚ ਇਕ ਇਕ ਪ੍ਰਾਜੈਕਟ ਲੱਗਿਆ ਹੋਣਾ ਚਾਹੀਦਾ ਸੀ। ਜ਼ਮੀਨੀ ਹਕੀਕਤ ਇਸਦੇ ਬਿਲਕੁੱਲ ਉਲਟ ਹੈ। ਉਨ੍ਹਾਂ ਨੂੰ ਪ੍ਰਚਾਰ ਦੌਰਾਨ ਇਹ ਜਾਣ ਕੇ ਹੈਰਾਨੀ ਹੋਈ ਕਿ ਜਦੋਂ ਪਿੰਡ ਵਾਸੀਆਂ ਨੇ ਦੱਸਿਆ ਕਿ ਅੱਜ ਤੱਕ ਪ੍ਰਨੀਤ ਕੌਰ ਉਨ੍ਹਾਂ ਦੇ ਪਿੰਡ ਵਿਚ ਇਕ ਵਾਰ ਵੀ ਸਮੱਸਿਆਵਾਂ ਸੁਨਣ ਲਈ ਨਹੀਂ ਆਈ। ਪਹਿਲਾ ਆਮ ਆਦਮੀ ਪਾਰਟੀ ਤੋਂ ਸੰਸਦ ਬਣੀ ਅਤੇ ਹੁਣ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਹੇ ਧਰਮਵੀਰ ਗਾਂਧੀ ਬਾਰੇ ਤਾਂ ਲੋਕ ਇਥੋਂ ਤੱਕ ਕਹਿ ਰਹੇ ਹਨ ਕਿ ਉਹ ਜਦੋਂ ਆਪਣੇ ਕਿਸੇ ਕੰਮ ਲਈ ਗਾਂਧੀ ਦੇ ਕੋਲ ਜਾਂਦੇ ਤਾਂ ਗਾਂਧੀ ਉਨ੍ਹਾਂ ਨੂੰ ਧਮਕਾ ਕੇ ਵਾਪਸ ਭੇਜ ਦਿੰਦੇ ਸਨ।

ਸ਼ਰਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਪੰਜਾਬ ਵਿਚ ਵਿਕਾਸ ਦੀ ਰਾਜਨੀਤੀ ਕੀਤੀ ਹੈ ਅਤੇ ਇਨ੍ਹਾਂ ਚੋਣਾਂ ਵਿਚ ਵੀ ਉਹ ਵਿਕਾਸ ਨੂੰ ਆਪਣਾ ਮੁੱਖ ਏਜੰਡਾ ਬਣਾ ਕੇ ਚੋਣ ਲੜ ਰਹੇ ਹਨ। ਉਨ੍ਹਾਂ ਨੇ ਆਪਣੇ ਪ੍ਰਚਾਰ ਦੌਰਾਨ ਕਦੇ ਵੀ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਕੋਈ ਗੱਲ ਨਹੀਂ ਕੀਤੀ ਹਮੇਸ਼ਾ ਹੀ ਤੱਥਾਂ 'ਤੇ ਆਧਾਰਿਤ ਗੱਲ ਕਰਕੇ ਪ੍ਰਚਾਰ ਕੀਤਾ ਹੈ। ਇਸ ਮੌਕੇ ਅਕਾਲੀ ਆਗੂ ਅਮਿਤ ਰਾਠੀ, ਮੰਜੂ ਕੁਰੈਸ਼ੀ, ਐਡਵੋਕੇਟ ਰੰਜੀਤ ਟਿਵਾਣਾ, ਇੰਦਰ ਮੋਹਨ ਬਜਾਜ, ਵਿਨੋਦ ਕੁਮਾਰ, ਗਗਨ ਆਹਲੂਵਾਲੀਆ, ਗੁਰਪ੍ਰੀਤ ਸਿੰਘ ਸੋਢੀ, ਪ੍ਰਭਜੋਤ ਸਿੰਘ, ਡਾ. ਕਰਨੈਲ ਸਿੰਘ ਸੈਣੀ, ਭੋਲਾ ਸਿੰਘ, ਗੁਰਚਰਨ ਸਿੰਘ ਸਮੇਤ ਹੋਰ ਹਾਜ਼ਰ ਸਨ।

ਨਾਮਜ਼ਦਗੀ ਤੋਂ ਬਾਅਦ 'ਪਟਿਆਲੇ ਦਾ ਭਰੋਸਾ ਪ੍ਰਨੀਤ ਕੌਰ' ਰੋਡ ਸ਼ੋਅ ਰਾਹੀਂ ਕੀਤਾ ਸ਼ਕਤੀ ਪ੍ਰਦਰਸ਼ਨ

ਪ੍ਰਨੀਤ ਕੌਰ ਦੀ ਨਾਮਜ਼ਦਗੀ ਦਾ ਇਤਿਹਾਸਕ ਰੋਡ ਸ਼ੋਅ, ਪਟਿਆਲਾ 'ਚ ਭਾਜਪਾ ਦੀ ਜਿੱਤ ਦੇ ਸੰਕੇਤ

ਪਟਿਆਲਾ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਮਰਥਨ ਅਤੇ ਉਤਸ਼ਾਹ ਦੇ ਸ਼ਾਨਦਾਰ ਪ੍ਰਦਰਸ਼ਨ ਵਿੱਚ, ਭਾਜਪਾ ਦੀ ਪਟਿਆਲਾ ਲੋਕ ਸਭਾ ਉਮੀਦਵਾਰ, ਪ੍ਰਨੀਤ ਕੌਰ ਨੇ ਆਪਣੀ ਨਾਮਜ਼ਦਗੀ ਤੋਂ ਬਾਅਦ ਸ਼ੇਰੇਵਾਲਾਂ ਗੇਟ ਤੋਂ ਕਿਲਾ ਚੌਕ ਤੱਕ 2 ਕਿਲੋਮੀਟਰ ਦਾ ਇੱਕ ਯਾਦਗਾਰੀ ਰੋਡ ਸ਼ੋਅ ਕੱਢਕੇ ਆਪਣੀ ਚੋਣ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਹਨਾਂ ਦੇ ਨਾਲ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸ਼ਰਮਾ, ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਭਾਜਪਾ ਪੰਜਾਬ ਦੇ ਜਨਰਲ ਸਕੱਤਰ ਅਨਿਲ ਸਰੀਨ ਤੋਂ ਇਲਾਵਾ ਪ੍ਰਨੀਤ ਕੌਰ ਦੇ ਸਪੁੱਤਰ ਰਣ ਇੰਦਰ ਸਿੰਘ ਅਤੇ ਬੀਬਾ ਜਿੰਦ ਕੌਰ ਵੀ ਵਿਸ਼ੇਸ਼ ਤੌਰ ਤੇ ਉਹਨਾਂ ਦੇ ਨਾਲ ਮੌਜੂਦ ਸਨ। ਪ੍ਰਨੀਤ ਕੌਰ ਨੇ ਇੱਕ ਵਿਸ਼ੇਸ਼ ਤਿਆਰ ਕੀਤੇ ਵਾਹਨ ਵਿੱਚ ਪੂਰੇ ਰਸਤੇ ਨੂੰ ਕਵਰ ਕੀਤਾ। ਰੋਡ ਸ਼ੋ ਦੇ ਦੌਰਾਨ ਉਨਾਂ ਦੇ ਸਮਰਥਕਾਂ ਅਤੇ ਭਾਜਪਾ ਦੇ ਵਰਕਰਾਂ ਵੱਲੋਂ ÷ਪਟਿਆਲੇ ਦਾ ਭਰੋਸਾ ਪ੍ਰਨੀਤ ਕੌਰ÷ ਦੇ ਨਾਰੇ ਗੂੰਜਦੇ ਰਹੇ। ਇਕ ਅੰਦਾਜ ਅਨੁਸਾਰ ਇਸ ਰੋਡ ਸ਼ੋ ਵਿੱਚ ਕਰੀਬ ,12 ਹਜ਼ਾਰ ਲੋਕਾਂ ਨੇ ਹਿੱਸਾ ਲਿਆ। ਦੋ ਕਿਲੋਮੀਟਰ ਦੇ ਲੰਬੇ ਕਾਫਲੇ ਨੂੰ ਸ਼ੇਰਾਂ ਵਾਲੇ ਗੇਟ ਤੋਂ ਕਿਲਾ ਚੌਕ ਤੱਕ ਪਹੁੰਚਣ ਲਈ ਕਰੀਬ ਤਿੰਨ ਘੰਟੇ ਤੋਂ ਵੱਧ ਦਾ ਸਮਾਂ ਲੱਗਿਆ।

ਰੋਡ ਸ਼ੋਅ ਦੀ ਸ਼ੁਰੂਆਤ ਰਵਾਇਤੀ ਰੀਤੀ-ਰਿਵਾਜਾਂ ਦੇ ਇੱਕ ਜੀਵੰਤ ਪ੍ਰਦਰਸ਼ਨ ਨਾਲ ਹੋਈ, ਕਿਉਂਕਿ ਪ੍ਰਨੀਤ ਕੌਰ ਦਾ ਪੁਰੋਹਿਤਾਂ ਦੁਆਰਾ ਸ਼ੰਖਨਾਦ ਦੀ ਗੂੰਜਦੀ ਆਵਾਜ਼ ਨਾਲ ਹਾਰਦਿਕ ਸੁਆਗਤ ਕੀਤਾ ਗਿਆ। ਇਸ ਮੌਕੇ ਦੀ ਰੂਹਾਨੀ ਗੂੰਜ ਨੂੰ ਸਮੇਟਦੇ ਹੋਏ ਗ੍ਰੰਥੀਆਂ ਅਤੇ ਪੁਰੋਹਿਤਾਂ ਦੁਆਰਾ ਉਸ ਨੂੰ ਆਸ਼ੀਰਵਾਦ ਦਿੱਤਾ ਗਿਆ। ਪਟਿਆਲੇ ਦੇ ਨਾਗਰਿਕਾਂ ਦੀ ਭੀੜ ਸੜਕਾਂ 'ਤੇ ਕਤਾਰਾਂ ਵਿੱਚ ਲੱਗੀਆਂ ਹੋਈਆਂ ਸਨ, ਸ਼ਹਿਰ ਵਾਸੀ ਆਪਣੇ ਪਿਆਰੇ ਨੇਤਾ ਦੀ ਇੱਕ ਝਲਕ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ, ਜਦੋਂ ਕਾਫਲਾ ਲੰਘਿਆ ਤਾਂ ਛੱਤਾਂ ਅਤੇ ਬਾਲਕੋਨੀਆਂ ਤੋਂ ਫੁੱਲਾਂ ਦੀ ਵਰਖਾ ਕੀਤੀ ਗਈ। ਪਟਿਆਲੇ ਦਾ ਭਰੋਸਾ ਪ੍ਰਨੀਤ ਕੌਰ, ਅਸੀ ਰਿਸ਼ਤਾ ਨਿਭਵਾਂਗੇ, ਪ੍ਰਨੀਤ ਕੌਰ ਨੂੰ ਜੀਤਾਵਾਂਗੇ , ਫਿਰ ਏਕ ਬਾਰ, ਮੋਦੀ ਸਰਕਾਰ ਅਤੇ ਜੈ ਸ਼੍ਰੀ ਰਾਮ ਦੇ ਜੈਕਾਰਿਆਂ ਨਾਲ ਪੂਰਾ ਸ਼ਹਿਰ ਗੂੰਜ ਉੱਠਿਆ।

ਕਿਲ੍ਹਾ ਚੌਕ ਵਿਖੇ ਇਕੱਠੇ ਹੋਏ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ, "ਇਹ ਚੋਣ ਸਿਰਫ਼ ਸਿਆਸਤ ਬਾਰੇ ਨਹੀਂ ਹੈ, ਇਹ ਮੇਰੇ ਅਤੇ ਪਟਿਆਲਾ ਲੋਕ ਸਭਾ ਦੇ ਲੋਕਾਂ ਵਿਚਕਾਰ ÷ਰਿਸ਼ਤਾ÷ ਦੇ ਨਵੀਨੀਕਰਨ ਬਾਰੇ ਹੈ। ਲੋਕਾਂ ਦਾ ਅਟੁੱਟ ÷ਭਰੋਸਾ÷ ਅਤੇ ÷ਆਸ਼ੀਰਵਾਦ÷ ਮੇਰਾ ਸਭ ਤੋਂ ਵੱਡਾ ਖ਼ਜ਼ਾਨਾ ਹੈ। ਉਹ ਇਹ ਯਕੀਨੀ ਬਣਾਏਗੀ ਕਿ ਉਹ ਪਿਛਲੇ 20 ਸਾਲਾਂ ਦੇ ਮੁਕਾਬਲੇ ਅਗਲੇ 5 ਸਾਲਾਂ ਵਿੱਚ ਜ਼ਿਆਦਾ ਕੰਮ ਕਰਨਗੇ। ਪਿੰਡਾਂ, ਨੁੱਕੜਾਂ ਅਤੇ ਸ਼ਹਿਰਾਂ ਦੇ ਨਾਗਰਿਕਾਂ ਨਾਲ ਮੇਰੀ ਗੱਲਬਾਤ ਦੌਰ

ਦੰਦਾਂ ਦੀ ਪਰੇਸ਼ਾਨੀ ਤੋਂ ਪਾਓ ਨਿਜਾਤ

ਨਵਜੋਤ ਕੌਰ ਔਜਲਾ

ਸਾਡੇ ਸਰੀਰ ਵਿਚੋਂ ਰੋਗ ਬਾਹਰ ਨਹੀਂ ਆਉਂਦੇ। ਗੈਰ-ਕੁਦਰਤੀ ਰਹਿਣ ਸਹਿਣ ਨਾਲ ਸਰੀਰ ਅੰਦਰ ਵਿਗਾੜ ਪੈਦਾ ਹੋ ਜਾਂਦਾ ਹੈ। ਸਾਡੇ ਖਾਣ-ਪੀਣ ਦੀਆਂ ਆਦਤਾਂ ਸਾਡੇ ਰੋਗਾਂ ਦਾ ਕਾਰਨ ਬਣਦੀਆਂ ਹਨ। ਕਈ ਵਾਰ ਅਸੀਂ ਭੁੱਖ ਤੋਂ ਜ਼ਿਆਦਾ ਜਾਂ ਦੇਰ ਬਾਅਦ ਖਾਂਦੇ ਹਾਂ ਜਿਸ ਕਰਕੇ ਸਾਡਾ ਸੰਤੁਲਨ ਵਿਗੜ ਜਾਂਦਾ ਹੈ। ਪੁਰਾਣੇ ਸਮੇਂ ਵਿਚ ਜਦੋਂ ਕੋਈ ਮਨੁੱਖ ਬਿਮਾਰ ਹੁੰਦਾ ਸੀ ਤਾਂ ਲੋਕ ਆਪਣੇ ਘਰਾਂ ਵਿਚ ਵਰਤੇ ਜਾਂਦੇ ਮਸਾਲੇ, ਸਬਜ਼ੀਆਂ ਆਦਿ ਦੀ ਵਰਤੋਂ ਕਰ ਕੇ ਦਵਾਈ ਜਾਂ ਕਾੜ੍ਹਾ ਬਣਾ ਕੇ ਉਸ ਦਾ ਸੇਵਨ ਕਰਦੇ ਸਨ ਪਰ ਅੱਜਕੱਲ੍ਹ ਤਾਂ ਲੋਕ ਥੋੜ੍ਹਾ ਜਿਹਾ ਬਿਮਾਰ ਹੋਣ 'ਤੇ ਡਾਕਟਰ ਕੋਲ ਭੱਜ ਜਾਂਦੇ ਹਨ। ਕਈ ਡਾਕਟਰ ਮਰੀਜ਼ ਕੋਲੋਂ ਪੈਸੇ ਬਣਾਉਣ ਲਈ ਬਿਮਾਰ ਵਿਅਕਤੀ ਨੂੰ ਹਸਪਤਾਲਾਂ ਦੇ ਗੇੜੇ ਮਰਾਉਂਦੇ ਹਨ ਤੇ ਫਿਰ ਵੀ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਟੈਸਟਾਂ ਦੇ ਚੱਕਰਾਂ 'ਚ ਪਾਇਆ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਦਵਾਈ ਦਿੱਤੀ ਜਾਂਦੀ ਹੈ। ਡਾਕਟਰਾਂ ਨੂੰ ਪੈਸਾ ਦੇਣ ਲਈ ਤੇ ਆਪਣਾ ਸਮਾਂ ਖ਼ਰਾਬ ਕਰਨ ਦੀ ਬਜਾਏ ਅਸੀਂ ਆਪਣੇ ਘਰਾਂ ਵਿਚ ਰੋਜ਼ਾਨਾ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜਿਵੇਂ ਹਰੀਆਂ ਸਬਜ਼ੀਆਂ, ਦੁੱਧ ਦਹੀਂ, ਲੱਸੀ, ਘਿਓ, ਦਾਲਾਂ ਆਦਿ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਅੱਜ ਦੇ ਸਮੇਂ ਵਿਚ ਹਰ ਇਕ ਵਿਅਕਤੀ ਨੂੰ ਦੰਦਾਂ ਦੇ ਰੋਗ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅੱਜ ਦੇ ਦੌਰ 'ਚ ਦੰਦਾਂ ਦੇ ਕੀੜਿਆਂ ਦੀ ਸਮੱਸਿਆ ਬਹੁਤ ਵੱਧ ਰਹੀ ਹੈ। ਕੀੜਾਂ ਲੱਗਣ ਦੇ ਕਾਰਨ ਦੰਦਾਂ ਵਿਚ ਤੇਜ਼ ਦਰਦ ਹੋਵੇ ਤਾਂ ਆਂਵਲੇ ਦੇ ਰਸ ਵਿਚ ਥੋੜ੍ਹਾਂ ਜਿਹਾ ਕਪੂਰ ਮਿਲਾ ਕੇ ਲਗਾਓ ਇਸ ਨਾਲ ਹੌਲੀ-ਹੌਲੀ ਦੰਦਾਂ ਦੇ ਕੀੜੇ ਦੀ ਪਰੇਸ਼ਾਨੀ ਤੇ ਦਰਦ ਰਾਹਤ ਪਾਈ ਜਾ ਸਕਦੀ ਹੈ। ਹਰ ਰੋਜ਼ ਖਾਣਾ-ਖਾਣ ਤੋਂ ਬਾਅਦ ਬੁਰਸ਼ ਕਰਨਾ ਬਹੁਤ ਹੀ ਜ਼ਰੂਰੀ ਹੈ। •

ਮਸੂੜਿਆਂ ਦੀ ਪਰੇਸ਼ਾਨੀ

70 ਗ੍ਰਾਮ ਗਾਜ਼ਰ ਦਾ ਰਸ ਰੋਜ਼ਾਨਾ ਪੀਣ ਨਾਲ ਮਸੂੜੇ ਅਤੇ ਦੰਦਾਂ ਵਿਚ ਕਿਸੇ ਰੋਗ ਦੇ ਪੈਦਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ ਤੇ ਇਸ ਨਾਲ ਦੰਦਾਂ ਦੀਆਂ ਜੜ੍ਹਾਂ ਵੀ ਮਜ਼ਬੂਤ ਹੁੰਦੀਆਂ ਹਨ।

ਮੂੰਹ ਦੇ ਛਾਲੇ

ਕਈ ਵਾਰ ਅਸੀਂ ਦੇਖਦੇ ਹਾਂ ਕਿ ਗਰਮ ਜਾਂ ਠੰਢਾ ਖਾਣ ਨਾਲ ਸਾਡੇ ਮੂੰਹ 'ਚ ਛਾਲੇ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਸਥਿਤੀ 'ਚ ਚਮੇਲੀ ਦੇ ਪੱਤਿਆਂ ਨੂੰ ਮੂੰਹ ਵਿਚ ਰੱਖੋ ਤੇ ਹੌਲੀ-ਹੌਲੀ ਦਬਾ ਕੇ ਖਾਓ। ਖਾਣ ਤੋਂ ਬਾਅਦ ਪਾਣੀ ਨਾਲ ਕੁਰਲਾ ਕਰੋ। ਅਜਿਹਾ ਕਰਨ ਨਾਲ ਤੁਹਾਨੂੰ ਬਹੁਤ ਫ਼ਾਇਦਾ ਹੋਵੇਗਾ।

ਸੇਵਾ ਤੇ ਸਮਰਪਣ ਦਾ ਪੇਸ਼ਾ ਨਰਸਿੰਗ

ਗੁਰਤੇਜ ਸਿੰਘ
94641-72783

ਅਸੀਂ ਜਾਣਦੇ ਹਾਂ ਕਿ ਡਾਕਟਰਾਂ ਜਾਂ ਨਰਸਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ। ਵਿਅਕਤੀ ਨੂੰ ਕੋਈ ਵੀ ਦੁੱਖ-ਤਕਲੀਫ਼ ਹੁੰਦੀ ਹੈ ਤਾਂ ਉਹ ਹਸਪਤਾਲ ਜਾ ਕੇ ਹੀ ਸਾਹ ਲੈਂਦਾ ਹੈ ਕਿ ਇਥੇ ਉਸ ਨੂੰ ਜ਼ਿੰਦਗੀ ਮਿਲੇਗੀ ਜਾਂ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ...

12 ਮਈ 'ਤੇ ਵਿਸ਼ੇਸ਼

ਦੁਨੀਆ 'ਚ 12 ਮਈ ਕੌਮਾਂਤਰੀ ਨਰਸਿਜ਼ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਨਰਸਿੰਗ ਦੀ ਜਨਮਦਾਤਾ ਫਲੋਰੈਂਸ ਨਾਈਟਿੰਗਗੇਲ ਦੇ ਜਨਮ ਦਿਨ ਨੂੰ ਸਮਰਪਿਤ ਹੈ। ਉਨ੍ਹਾਂ ਦੀ ਮਾਨਵ ਸੇਵਾ ਪ੍ਰਤੀ ਉੱਚੀ ਸੁੱਚੀ ਭਾਵਨਾ ਨੇ ਲੋਕਾਂ ਨੂੰ ਸੇਵਾ ਵੱਲ ਪ੍ਰੇਰਿਆ ਹੈ, ਜਿਸ ਨੇ ਨਰਸਿੰਗ ਕਿੱਤੇ ਦੀ ਸ਼ੁਰੂਆਤ ਕੀਤੀ। ਇਸ ਕਿੱਤੇ 'ਚ ਰਹਿੰਦੇ ਹੋਏ ਇਨ੍ਹਾਂ ਨੇ ਬਹੁਤ ਸਾਰੇ ਐਵਾਰਡ ਵੀ ਹਾਸਿਲ ਕੀਤੇ ਜਿਵੇਂ ਸੰਨ 1883'ਚ ਰਾਇਲ ਰੈੱਡ ਕ੍ਰਾਸ, 1907 'ਚ ਆਰਡਰ ਆਫ਼ ਮੈਰਿਟ...

ਨਰਸ ਬਿਨਾਂ ਵਿਤਕਰੇ ਦੇ ਬਿਮਾਰਾਂ ਦੀ ਸੇਵਾ ਕਰਦੀ ਹੈ, ਜਦ ਰੋਗੀ ਤੰਦਰੁਸਤ ਹੋ ਕੇ ਆਪਣੇ ਘਰ ਪਰਤਦਾ ਹੈ ਤਾਂ ਕਿਤੇ ਨਾ ਕਿਤੇ ਉਹ ਨਰਸ ਨੂੰ ਵੀ ਅੰਦਰੋਂ ਦੁਆਵਾਂ ਦਿੰਦਾ ਹੈ। ਨਰਸਿਜ਼ ਦਿਵਸ ਮਨਾਉਣ ਦੀ ਸ਼ੁਰੂਆਤ ਸੰਨ 1953 'ਚ ਹੋਈ ਜੋ ਯੂਨਾਈਟਡ ਸਟੇਟਸ ਦੇ ਸਿਹਤ ਸਿੱਖਿਆ ਅਤੇ ਭਲਾਈ ਵਿਭਾਗ ਦੇ ਇਕ ਅਫ਼ਸਰ ਨੇ ਆਪਣੇ ਪੱਧਰ 'ਤੇ ਕੀਤੀ ਸੀ। ਉਨ੍ਹਾਂ ਦੇ ਇਸ ਸ਼ਲਾਘਾਯੋਗ ਕਦਮ ਨੂੰ ਅਣਗੌਲਿਆ ਕਰ ਦਿੱਤਾ ਸੀ। ਸੰਨ 1965 'ਚ ਇੰਟਰਨੈਸ਼ਨਲ ਕੌਂਸਿਲ ਆਫ਼ ਨਰਸਿਜ਼ ਨੇ ਪਹਿਲੀ ਵਾਰ ਨਰਸਿਜ਼ ਦਿਵਸ ਮਨਾਇਆ ਸੀ। ਸੰਨ 1974 ਵਿਚ ਇਸੇ ਸੰਸਥਾ ਨੇ ਫਲੋਰੈਂਸ ਨਾਈਟਿੰਗਗੇਲ ਦੇ ਜਨਮ ਨੂੰ ਨਰਸਿਜ਼ ਦਿਵਸ ਵਜੋਂ ਮਨਾਉਣ ਦੀ ਅਧਿਕਾਰਿਕ ਤੌਰ 'ਤੇ ਪ੍ਰਵਾਨਗੀ ਦਿੱਤੀ ਸੀ ਅਤੇ ਇਸ ਦਿਨ ਨਰਸਿੰਗ ਕਿੱਤੇ ਨਾਲ ਲੋੜੀਦੇ ਸਾਜੋ ਸਮਾਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਹਿਤ ਇਕ ਲੜੀ ਸ਼ੁਰੂ ਕੀਤੀ ਜੋ ਅੱਜ ਵੀ ਕਈ ਮੁਲਕਾਂ 'ਚ ਪ੍ਰਚਲਿਤ ਹੈ। ਹਰ ਵਰ੍ਹੇ ਇਸ ਦਿਵਸ 'ਤੇ ਕੋਈ ਨਾ ਕੋਈ ਥੀਮ ਰੱਖਿਆ ਜਾਂਦਾ ਹੈ।

ਸੰਨ 1988 ਤੋਂ ਸ਼ੁਰੂ ਹੋਈ ਸੀ ਜੋ ਅੱਜ ਵੀ ਬਰਕਰਾਰ ਹੈ। ਇਸ ਵਰ੍ਹੇ ਦਾ ਥੀਮ ਨਰਸਿੰਗ ਦੀ ਬੁਲੰਦ ਆਵਾਜ਼ ਹੈ। ਸੰਨ 2003 ਤੋਂ ਸੰਸਾਰ ਦੇ ਕਈ ਦੇਸ਼ਾਂ 'ਚ 6 ਮਈ ਤੋਂ 12 ਮਈ ਤਕ ਨਰਸਿਜ਼ ਹਫ਼ਤਾ ਮਨਾਇਆ ਜਾਂਦਾ ਹੈ ਜਿਸ ਤਹਿਤ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕ ਕੀਤਾ ਜਾਂਦਾ ਹੈ। ਪੈਰਾਮੈਡੀਕਲ ਕਾਮਿਆਂ ਤੋਂ ਬਿਨਾਂ ਡਾਕਟਰ ਅਧੂਰਾ ਹੈ ਅਤੇ ਸੁਘੜ ਨਰਸ ਆਪਣੇ ਵਾਰਡ 'ਚ ਦਾਖਿਲ ਮਰੀਜ਼ਾਂ ਨੂੰ ਦਵਾਈ ਡਾਕਟਰ ਦੇ ਕਹਿਣੇ ਮੁਤਾਬਿਕ ਬਿਨਾਂ ਨਾਗਾ ਪਾਏ ਦਿੰਦੀ ਹੈ। ਇਸ ਤਰ੍ਹਾਂ ਉਹ ਆਪਣੇ ਪਰਿਵਾਰਿਕ ਮੈਂਬਰਾਂ ਦੀ ਤਰ੍ਹਾਂ ਮਰੀਜ਼ਾਂ ਦਾ ਖ਼ਿਆਲ ਰੱਖਦੀ ਹੈ ਜੋ ਮਾਂ, ਭੈਣ ਆਦਿ ਰਿਸ਼ਤੇ ਰੱਖਦੇ ਹਨ। ਆਪਣੇ ਵਾਰਡ 'ਚ ਪਏ ਮਰੀਜ਼ਾਂ ਦੀ ਦੇਖਭਾਲ ਕਰਨੀ ਉਸਦਾ ਮੁੱਢਲਾ ਫ਼ਰਜ਼ ਹੈ ਇਸ ਤੋਂ ਉਹ ਕਦੇ ਵੀ ਮੁਨਕਰ ਨਹੀਂ ਹੋ ਸਕਦੀ।

ਵਾਰਡ 'ਚ ਮੌਜੂਦ ਤਰ੍ਹਾਂ-ਤਰ੍ਹਾਂ ਦੇ ਮਰੀਜ਼ਾਂ ਨਾਲ ਉਸਦਾ ਵਿਵਹਾਰ ਦੋਸਤਾਨਾ ਹੁੰਦਾ ਹੈ ਜੋ ਲਾਜ਼ਮੀ ਵੀ ਹੈ ਕਿਉਂਕਿ ਦਵਾਈ ਦੇ ਨਾਲ ਹੌਂਸਲਾ ਅਫਜ਼ਾਈ ਬਹੁਤ ਜ਼ਰੂਰੀ ਹੁੰਦੀ ਹੈ ਜਿਸ ਨਾਲ ਭਿਆਨਕ ਬਿਮਾਰੀਆਂ ਨਾਲ ਗ੍ਰਸਤ ਮਰੀਜ਼ ਵੀ ਬਚੀ ਜ਼ਿੰਦਗੀ ਦਾ ਆਨੰਦ ਮਾਣਨ ਦੇ ਯੋਗ ਹ�ो ਜਾਂਦੇ ਹਨ। ਇਸ ਤਰ੍ਹਾਂ ਮਰੀਜ਼ਾਂ ਦੀ ਤੰਦਰੁਸਤੀ 'ਚ ਡਾਕਟਰ ਦੇ ਨਾਲ ਨਰਸ ਦੀਆਂ ਅਣਥੱਕ ਸੇਵਾਵਾਂ ਵੀ ਸ਼ਾਮਿਲ ਹੁੰਦੀਆਂ ਹਨ। ਬਲਕਿ ਹਸਪਤਾਲ ਦੇ ਹਰ ਸੁਘੜ ਕਰਮਚਾਰੀ ਦਾ ਬਣਦਾ ਯੋਗਦਾਨ ਲਿਆ ਜਾਂਦਾ ਹੈ ਤਾਂ ਜੋ ਮਰੀਜ਼ ਰਾਜੀ ਖ਼ੁਸ਼ੀ ਆਪਣੇ ਘਰ ਜਾ ਸਕੇ। ਦੁਨੀਆ ਬਹੁਤ ਰੰਗੀ ਹੈ ਇਸ 'ਚ ਚੰਗੇ ਮੰਦੇ ਹਰ ਤਰ੍ਹਾਂ ਦੇ ਪ੍ਰਾਣੀਆਂ ਦਾ ਵਾਸ ਹੈ। ਕਈ ਵਾਰ ਕੋਈ ਵਿਅਕਤੀ ਕਿਸੇ ਲਈ ਫਰਿਸ਼ਤਾ ਹੋ ਬਹੁੜਦਾ ਹੈ ਅਤੇ ਕੋਈ ਕਿਸੇ ਲਈ ਸ਼ੈਤਾਨ ਦਾ ਰੂਪ ਹੋ ਨਿੱਬੜਦਾ ਹੈ। ਅਜੋਕੇ ਦੌਰ 'ਚ ਜ਼ਿੰਦਗੀ ਜਿਉਣ ਦੇ ਬਦਲਦੇ ਢੰਗ ਅਤੇ ਨਾਮੁਰਾਦ ਬਿਮਾਰੀਆਂ ਦੀ ਆਮਦ ਨੇ ਲੋਕਾਂ ਨੂੰ ਤੰਦਰੁਸਤ ਰਹਿਣ ਦੀ ਚੁਣੌਤੀ ਦਿੱਤੀ ਹੈ।

ਇਸ ਲਈ ਅਕਸਰ ਹੀ ਹਸਪਤਾਲ ਜਾਣਾ ਪੈਂਦਾ ਹੈ ਅਤੇ ਉੱਥੇ ਮੌਜੂਦ ਅਮਲੇ ਦੀਆਂ ਸੇਵਾਵਾਂ ਲੈਣੀਆਂ ਪੈਂਦੀਆਂ ਹਨ। ਕਈ ਵਾਰ ਉਹ ਅਮਲਾ ਵਾਜਿਬ ਭਾਅ 'ਤੇ ਆਪਣੀ ਸੇਵਾ ਨਾਲ ਸਾਨੂੰ ਸੰਤੁਸ਼ਟ ਕਰ ਦਿੰਦਾ ਹੈ ਪਰ ਵਪਾਰੀਕਰਨ ਦੀ ਦੌੜ 'ਚ ਅਕਸਰ ਹੀ ਮਰੀਜ਼ਾਂ ਦੀ ਛਿੱਲ ਲਾਹੀ ਜਾਂਦੀ ਹੈ। ਜਿਸ 'ਚ ਹਸਪਤਾਲ ਪ੍ਰਸ਼ਾਸਨ ਅਤੇ ਡਾਕਟਰ ਸਿੱਧੇ ਰੂਪ 'ਚ ਜ਼ਿੰਮੇਵਾਰ ਹੁੰਦੇ ਹਨ। ਕੁੱਝ ਕੁ ਥਾਵਾਂ ਨੂੰ ਛੱਡ ਕੇ ਨਰਸ ਦੀ ਇਸ ਘਿਨੌਣੇ ਕਾਰਜ 'ਚ ਸ਼ਮੂਲੀਅਤ ਨਹੀਂ ਹੁੰਦੀ ਹੈ। ਨਿੱਜੀ ਸਿਹਤ ਕੇਂਦਰਾਂ 'ਚ ਮਰੀਜ਼ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਰਸਾਂ ਨਾਲ ਅਕਸਰ ਬਦਤਮੀਜੀ ਕਰਦੇ ਹਨ ਉਹ ਵਿਚਾਰੀਆਂ ਨੌਕਰੀ ਜਾਣ ਦੇ ਡਰ ਕਾਰਨ ਚੁੱਪ ਰਹਿਣ ਲਈ ਮਜਬੂਰ ਹੋ ਜਾਂਦੀਆਂ ਹਨ।

ਜਨਤਕ ਸਿਹਤ ਕੇਂਦਰਾਂ 'ਚ ਤਾਇਨਾਤ ਨਰਸ ਕਰਮਚਾਰੀਆਂ ਦਾ ਵਿਵਹਾਰ ਸਦਾ ਹੀ ਸ਼ੱਕ ਦੇ ਘੇਰੇ 'ਚ ਰਿਹਾ ਹੈ ਪਰ ਕਈ ਨਰਸ ਕਰਮਚਾਰੀ ਆਪਣੇ ਮਰੀਜ਼ਾਂ ਨਾਲ ਬਦਤਮੀਜੀ ਕਰਦੀਆਂ ਹਨ ਜਿਸ ਦਾ ਗਵਾਹ ਪੂਰਾ ਸਮਾਜ ਹੈ ਕਿਉਂਕਿ ਹਰ ਕਿਸੇ ਦਾ ਵਾਹ ਕਦੇ ਨਾ ਕਦੇ ਇਨ੍ਹਾਂ ਨਾਲ ਜ਼ਰੂਰ ਪਿਆ ਹੈ। ਜਨਤਕ ਸਿਹਤ ਕੇਂਦਰਾਂ 'ਚ ਜਾਣ ਵਾਲੇ ਮਰੀਜ਼ ਜ਼ਿਆਦਾਤਰ ਅਨਪੜ੍ਹ ਹੀ ਹੁੰਦੇ ਹਨ ਜਿਸ ਕਰਕੇ ਉਹ ਇਨ੍ਹਾਂ ਨੂੰ ਟਿੱਚ ਹੀ ਜਾਣਦੀਆਂ ਹਨ ਸਿੱਧੇ ਮੂੰਹ ਗੱਲ ਤਕ ਨਹੀਂ ਕਰਦੀਆਂ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਪਿਛਲੇ ਵਰ੍ਹੇ ਮੇਰੀਆਂ ਜੂਨ ਦੀਆਂ ਛੁੱਟੀਆਂ ਵਿਚ ਸਾਡੇ ਪਿੰਡ ਦੀ ਇਕ ਬੇਹੱਦ ਗ਼ਰੀਬ ਪਰਿਵਾਰ ਦੀ ਇਕ ਔਰਤ ਜਣੇਪੇ 'ਚ ਸੀ ਡਾਕਟਰੀ ਕਿੱਤੇ ਨਾਲ ਸਬੰਧਿਤ ਹੋਣ ਕਾਰਨ ਉਨ੍ਹਾਂ ਮੇਰੇ ਤਕ ਪਹੁੰਚ ਕੀਤੀ ਸੀ। ਮੈਂ ਆਪ ਉਨ੍ਹਾਂ ਦੇ ਨਾਲ ਜਾ ਕੇ ਉਸਨੂੰ ਨੇੜਲੇ ਜਨਤਕ ਸਿਹਤ ਕੇਂਦਰ 'ਚ ਦਾਖਿਲ ਕਰਵਾਇਆ ਸੀ। ਅਲਟਰਾਸਾਂਊਡ ਦੀ ਰਿਪੋਰਟ ਅਨੁਸਾਰ ਡਲਿਵਰੀ ਇਕਦਮ ਕਰਨੀ ਲਾਜ਼ਮੀ ਸੀ ਕਿਉਂਕਿ ਨਾੜੂਆ ਬੱਚੇ ਦੇ ਗਲ਼ੇ ਦੇ ਇਰਦ-ਗਿਰਦ ਲਿਪਟਿਆ ਹੋਇਆ ਸੀ। ਜਨਾਨਾ ਰੋਗਾਂ ਦੀ ਮਾਹਿਰ ਡਾਕਟਰ ਜਾ ਚੁੱਕੀ ਸੀ ਜਿਸ ਕਾਰਨ ਡਲਿਵਰੀ ਉੱਥੇ ਮੌਜੂਦ ਨਰਸ ਕਰਮਚਾਰੀਆਂ ਨੂੰ ਹੀ ਕਰਨੀ ਸੀ ਪਰ ਉਹ ਕਾਫ਼ੀ ਦੇਰ ਤਕ ਟਾਲਮਟੋਲ ਕਰਦੀਆਂ ਰਹੀਆਂ ਤੇ ਨਾ ਹੀ ਉਨ੍ਹਾਂ ਨੇ ਆਪਣੇ ਡਾਕਟਰ ਨੂੰ ਇਸ ਸਬੰਧੀ ਜਾਣੂ ਕਰਵਾਇਆ। ਇਹ ਸਭ ਦੇਖ ਕੇ ਮੈਨੂੰ ਬਹੁਤ ਗੁੱਸਾ ਆਇਆ ਤੇ ਇਕ ਨਰਸ ਨੂੰ ਮੈਂ ਕਿਹਾ, ਸਿਸਟਰ ਜੀ ਤੁਹਾਡਾ ਪਰਿਵਾਰਿਕ ਮੈਂਬਰ ਰਾਤ ਨੂੰ ਹਾਰਟ ਅਟੈਕ ਨਾਲ ਕਿਸੇ ਡਾਕਟਰ ਕੋਲ ਜਾਵੇ ਤਾਂ ਉੱਥੇ ਮੌਜੂਦ ਸਾਰਾ ਅਮਲਾ ਤੁਹਾਡੇ ਵਾਂਗ ਟਾਲਮਟੋਲ ਕਰੇ ਤਾਂ ਤੁਹਾਨੂੰ ਕਿਵੇਂ ਦਾ ਲੱਗੇਗਾ? ਉਸ ਨਰਸ ਨੇ ਐਨਕ ਦੇ ਉੱਪਰੋਂ ਦੇਖਦਿਆਂ ਮੈਨੂੰ ਪੁੱਛਿਆ ਤੂੰ ਕੰਮ ਕੀ ਕਰਦਾ ਆਹ ਕੀ ਤਰੀਕਾ ਗੱਲ ਕਰਨ ਦਾ। ਮੈਂ ਕਿਹਾ ਸਿਸਟਰ ਜੀ ਮੈਂ ਬੀਏਐੱਮਐੱਸ ਦੂਜੇ ਸਾਲ ਦਾ ਵਿਦਿਆਰਥੀ ਹਾਂ ਤੇ ਇਸ ਮਰੀਜ਼ ਬਾਰੇ ਮੈਂ ਆਪਣੇ ਪ੍ਰੋਫੈਸਰਾਂ ਨਾਲ ਵੀ ਗੱਲ ਕੀਤੀ ਹੈ ਉਨ੍ਹਾਂ ਦੀ ਸਲਾਹ ਹੈ ਕਿ ਜਲਦੀ ਡਲਿਵਰੀ ਹੋਵੇ। ਅੱਛਾ ਤੂੰ ਡਾਕਟਰ ਆਂ ਪਹਿਲਾਂ ਦੱਸ ਦੇਣਾ ਸੀ ਉਸਨੇ ਕੱਚੀ ਜਿਹੀ ਹੁੰਦੇ ਕਿਹਾ। ਆਪਣੇ ਡਾਕਟਰ ਨੂੰ ਬੁਲਾ ਕੇ ਉਨ੍ਹਾਂ ਨੇ ਡਲਿਵਰੀ ਕਰਵਾ ਦਿੱਤੀ। ਡਾਕਟਰ ਆਪਣਾ ਕੰਮ ਖ਼ਤਮ ਕਰਕੇ ਚਲਾ ਗਿਆ ਤੇ ਮੈਂ ਉਸ ਦਾ ਧੰਨਵਾਦ ਕੀਤਾ। ਡਾਕਟਰ ਦੇ ਜਾਣ ਦੀ ਦੇਰ ਸੀ ਇਕ ਨਰਸ ਨੇ ਮੁੰਡਾ ਹੋਣ ਦੀ ਖ਼ੁਸ਼ੀ ਜਾਹਿਰ ਕਰਦਿਆਂ ਉਸ ਔਰਤ ਦੇ ਦਿਹਾੜੀਦਾਰ ਗ਼ਰੀਬ ਪਤੀ ਤੋਂ ਵਧਾਈ ਦੇ ਰੂਪ 'ਚ ਪੰਜ ਸੌ ਰੁਪਏ ਮੰਗੇ, ਜੋ ਉਸਨੇ ਚੁੱਪਚਾਪ ਦੇ ਦਿੱਤੇ। ਮੈਂ ਉਸਨੂੰ ਜਦ ਵਰਜਿਆ ਤਾਂ ਉਹ ਮੈਨੂੰ ਕਹਿਣ ਲੱਗਾ ਡਾਕਟਰ ਕੀ ਪਤਾ ਬਾਈ! ਇਹ ਗੁੱਸੇ ਹੋ ਕੇ ਕੋਈ ਗ਼ਲਤ ਟੀਕਾ ਨਾ ਲਗਾ ਦੇਣ। ਮੈਨੂੰ ਉਸ ਦੀ ਮਾਨਸਿਕਤਾ ਅਤੇ ਅਜਿਹੀਆਂ ਨਰਸ ਕਰਮਚਾਰੀਆਂ ਦੇ ਵਿਵਹਾਰ ਨੇ ਝੰਜੋੜ ਕੇ ਰੱਖ ਦਿੱਤਾ ਸੀ। ਉਪਰੋਕਤ ਘਟਨਾਵਾਂ ਡਾਕਟਰੀ ਕਿੱਤੇ ਨਾਲ ਸਬੰਧਿਤ ਅਮਲੇ ਦੇ ਮੂੰਹ 'ਤੇ ਬਹੁਤ ਵੱਡੀ ਚਪੇੜ ਹੈ। ਕਹਿਣ ਨੂੰ ਤਾਂ ਸਾਡਾ ਮੁਲਕ ਮੈਡੀਕਲ ਟੂਰਿਜਮ ਵਜੋਂ ਵਿਕਸਿਤ ਹੋ ਰਿਹਾ ਹੈ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਆਮ ਲੋਕਾਂ ਲਈ ਚੰਗੀਆਂ ਸਿਹਤ ਹਵਾਵਾਂ ਸਿਰਫ਼ ਕਾਗਜ਼ਾਂ ਤਕ ਸੀਮਤ ਹਨ। ਇਕ ਅਨੁਮਾਨ ਅਨੁਸਾਰ ਦੇਸ਼ ਅੰਦਰ 2020 ਤਕ 4 ਲੱਖ ਡਾਕਟਰ ਹੋਰ ਚਾਹੀਦੇ ਹਨ ਅਤੇ 10 ਲੱਖ ਨਰਸਾਂ ਦੀ ਘਾਟ ਹੈ। ਉਪਭੋਗਤਾਵਾਦੀ ਸੋਚ ਅਤੇ ਆਪਣੇ ਆਪ ਨੂੰ ਸ਼੍ਰੇਸਠ ਦਰਸਾਉਣ ਦੇ ਚੱਕਰਾਂ 'ਚ ਆਮ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ। ਜਨਤਕ ਸਿਹਤ ਕੇਂਦਰਾਂ 'ਚ ਮਰੀਜ਼ਾਂ ਨਾਲ ਇਨ੍ਹਾਂ ਦੇ ਦੁਰਵਿਵਹਾਰ ਦੀਆਂ ਖ਼ਬਰਾਂ ਅਕਸਰ ਹੀ ਸੁਰਖੀਆਂ 'ਚ ਆਉਂਦੀਆਂ ਹਨ। ਇਹ ਵੀ ਗੱਲ ਹੈ ਕਿ ਜੋ ਸੇਵਾਂ ਕਰਨ ਦੀ ਇੱਛਾ ਰੱਖਦੇ ਹਨ ਉਹ ਕਦੀ ਵੀ ਆਪਣੇ ਕੰਮ ਤੋਂ ਪਿੱਛੇ ਨਹੀਂ ਰਹਿੰਦੇ। ਨਰਸ ਦਿਵਸ ਮੌਕੇ 'ਤੇ ਪ੍ਰਣ ਲੈਣ ਦੀ ਲੋੜ ਹੈ ਕਿ ਉਹ ਆਪਣਾ ਹਰ ਕਾਰਜ ਮਨੁੱਖਤਾ ਦੀ ਸੇਵਾ 'ਚ ਲਗਾਉਣ ਤੇ ਲੋਕਾਂ ਦੀ ਵੱਧ ਤੋਂ ਵੱਧ ਸੇਵਾ ਕਰਨ। •

ਲੂ ਤੋਂ ਬਚਾਅ ਲਈ ਮੁੱਢਲੀ ਸਹਾਇਤਾ

ਸਿਰ ਦਰਦ, ਚੱਕਰ ਆਉਣੇ, ਗੱਸ਼ ਪੈਣੀ, ਸਾਹ ਕਿਰਿਆ ਡੁੱਘੀ, ਰੋਗੀ ਦੀ ਚਮੜੀ ਖ਼ੁਸ਼ਕ ਤੇ ਗਰਮ ਹੋਣੀ, ਚਿਹਰੇ ਦਾ ਰੰਗ ਲਾਲ ਹੋ ਜਾਣਾ ਆਦਿ ਲੂ ਦੀਆਂ ਹੀ ਅਲਾਮਤਾਂ ਹਨ...



ਨਰੇਸ਼ ਪਠਾਣੀਆ

ਪੰਜਾਬ ਵਿਚ ਇਨ੍ਹਾਂ ਦਿਨਾਂ 'ਚ ਗਰਮੀ ਪੈਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਨ੍ਹਾਂ ਮਹੀਨਿਆਂ ਦੌਰਾਨ ਲੋਆਂ ਵੀ ਬਹੁਤ ਵਗਦੀਆਂ ਹਨ। ਸਖ਼ਤ ਮਿਹਨਤ ਜਾਂ ਸਾਡੀ ਥੋੜ੍ਹੀ ਜਿਹੀ ਲਾਪਰਵਾਹੀ ਨਾਲ ਗਰਮੀ ਦਾ ਸ਼ਿਕਾਰ ਹੋਣ ਦੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਹਨ। ਗੰਭੀਰ ਹਾਲਤਾਂ ਦੌਰਾਨ ਜੇ ਪੀੜਤ ਨੂੰ ਜੇ ਫ਼ੌਰਨ ਮੁੱਢਲੀ

ਸੰਪਾਦਕੀ

ਖਾਧ ਪਦਾਰਥਾਂ ਦੇ ਲੇਬਲ

ਖਾਧ ਪਦਾਰਥਾਂ ਦੇ ਲੇਬਲ ਪੈਕੇਟਬੰਦ ਖਾਣ ਵਾਲੀਆਂ ਵਸਤੂਆਂ ਦੀ ਸਮੱਗਰੀ ਦਾ ਝਰੋਖਾ ਹੁੰਦੇ ਹਨ। ਉਂਝ, ਜੇ ਇਨ੍ਹਾਂ ਝਰੋਖਿਆਂ ਨਾਲ ਛੇੜਛਾੜ ਕੀਤੀ ਹੋਵੇ ਜਾਂ ਇਹ ਗੁਮਰਾਹਕੁਨ ਬਣਾ ਦਿੱਤੇ ਜਾਣ ਤਾਂ ਫਿਰ ਕੀ ਹੋਵੇਗਾ? ਇਸ ਪ੍ਰਸੰਗ ਵਿਚ ਗੁਮਰਾਹਕੁਨ ਫੂਡ ਲੇਬਲਾਂ ਪ੍ਰਤੀ ਸਰੋਕਾਰ ਜਤਾਉਂਦਿਆਂ ਭਾਰਤੀ ਮੈਡੀਕਲ ਖੋਜ ਕੌਂਸਲ (ਆਈਸੀਐਮਆਰ) ਨੇ ਖੁਰਾਕੀ ਵਸਤਾਂ ਨਮਿਤ ਸੇਧਾਂ ਜਾਰੀ ਕੀਤੀਆਂ ਹਨ ਤਾਂ ਕਿ ਖਪਤਕਾਰ ਸਿਹਤਮੰਦ ਖਾਧ ਪਦਾਰਥਾਂ ਦੀ ਤਲਾਸ਼ ਵਿਚ ਧੋਖਾ ਨਾ ਖਾਣ।

ਇਨ੍ਹਾਂ ਸੇਧਾਂ ਵਿਚ ਕਈ 'ਸ਼ੂਗਰ ਫਰੀ' ਉਤਪਾਦਾਂ ਦੀ ਧੋਖਾਧੜੀ ਦੀ ਮਿਸਾਲ ਵੱਲ ਇਸ਼ਾਰਾ ਕੀਤਾ ਗਿਆ ਹੈ। ਹਾਲਾਂਕਿ ਇਹ ਉਤਪਾਦ ਸ਼ੂਗਰ ਦੇ ਮਰੀਜ਼ਾਂ ਜਾਂ ਆਪਣੇ ਜਿਸਮਾਨੀ ਵਜ਼ਨ 'ਤੇ ਨਿਗਰਾਨੀ ਰੱਖਣ ਵਾਲਿਆਂ ਲਈ ਵਰਦਾਨ ਸਮਝੇ ਜਾਂਦੇ ਹਨ ਪਰ ਅਸਲ ਵਿਚ ਇਨ੍ਹਾਂ ਵਿਚ ਵਸਾ (ਫੈਟ), ਮੈਦੇ, ਮੱਕੇ ਦਾ ਆਟਾ ਅਤੇ ਗੁੱਝੇ ਮਿੱਠੇ ਦੀ ਬਹੁਤ ਜ਼ਿਆਦਾ ਮਾਤਰਾ ਹੋ ਸਕਦੀ ਹੈ ਕਿ ਇਨ੍ਹਾਂ ਕਰ ਕੇ ਇਨ੍ਹਾਂ ਉਤਪਾਦਾਂ ਦੀ ਪੋਸ਼ਕ ਬਣਤਰ ਬਿਲਕੁਲ ਹੀ ਬਦਲ ਜਾਂਦੀ ਹੈ। ਇਸੇ ਤਰ੍ਹਾਂ, ਪੈਕੇਟਬੰਦ ਜਾਂ ਡੱਬਾਬੰਦ ਫ਼ਲਾਂ ਦੇ ਜੂਸਾਂ ਵਿਚ ਫ਼ਲਾਂ ਦਾ ਗੁੱਦਾ ਦਸ ਕੁ ਫ਼ੀਸਦ ਤੱਕ ਹੁੰਦਾ ਹੈ ਅਤੇ ਬਾਕੀ ਸ਼ੂਗਰ ਅਤੇ ਹੋਰ ਮਿਸ਼ਰਣ ਮਿਲਾਏ ਜਾਂਦੇ ਹਨ। ਇਨ੍ਹਾਂ ਸੇਧਾਂ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਇਨ੍ਹਾਂ ਉਤਪਾਦਾਂ ਦੇ ਸਿਹਤ ਬਾਰੇ ਦਾਅਵਿਆਂ ਤੋਂ ਪਾਰ ਜਾ ਕੇ ਫੂਡ ਲੇਬਲਾਂ ਦੀ ਬਾਰੀਕੀ ਨਾਲ ਨਿਰਖ ਪਰਖ ਕੀਤੀ ਜਾਣੀ ਚਾਹੀਦੀ ਹੈ। ਨੈਚੁਰਲ (ਕੁਦਰਤੀ), ਹੋਲ ਗ੍ਰੇਨ (ਸਾਬਤ ਅਨਾਜ) ਅਤੇ ਜੈਵਿਕ ਹੋਣ ਜਿਹੇ ਜੁਮਲਿਆਂ ਦਾ ਇਹ ਮਤਲਬ ਨਹੀਂ ਕਿ ਇਹ ਇਨ੍ਹਾਂ ਉਤਪਾਦਾਂ ਦੀ ਗੁਣਵੱਤਾ ਵੀ ਉੱਚ ਪਾਏ ਦੀ ਹੋਵੇਗੀ। ਉਤਪਾਦ ਤਿਆਰ ਕਰਨ ਵਾਲੀਆਂ ਕੰਪਨੀਆਂ ਅਕਸਰ ਖਪਤਕਾਰਾਂ ਦੀਆਂ ਸਿਹਤਮੰਦ ਤਰਜੀਹਾਂ ਦਾ ਲਾਹਾ ਲੈਣ ਲਈ ਇਨ੍ਹਾਂ ਜੁਮਲਿਆਂ ਦੀ ਦੁਰਵਰਤੋਂ ਕਰਦੀਆਂ ਹਨ ਜਦਕਿ ਇਨ੍ਹਾਂ ਵਿਚਲੀ ਸਮੱਗਰੀ ਉਮੀਦਾਂ 'ਤੇ ਖਰੀ ਨਹੀਂ ਉਤਰਦੀ। ਆਈਸੀਐਮਆਰ ਨੇ ਲੇਬਲਾਂ ਵਿਚ ਦਰਸਾਏ ਗਏ ਪੋਸ਼ਣ ਬਾਰੇ ਦਾਅਵਿਆਂ 'ਤੇ ਵੀ ਕਿੰਤੂ ਕੀਤਾ ਹੈ। ਜਦੋਂ ਤੱਕ ਪੋਸ਼ਕ ਤੱਤਾਂ ਬਾਰੇ ਠੋਸ ਤੱਥ ਸਾਹਮਣੇ ਨਾ ਲਿਆਂਦੇ ਜਾਣ ਤਾਂ ਘੱਟ ਕੈਲਰੀਆਂ ਜਾਂ ਉਚ ਰੇਸ਼ੇ ਜਾਂ ਫਾਈਬਰ ਜਿਹੇ ਵਾਕ ਵੀ ਅਸਪੱਸ਼ਟ ਦਾਅਵੇ ਸਾਬਿਤ ਹੁੰਦੇ ਹਨ।

ਮੰਦਭਾਗੀ ਗੱਲ ਇਹ ਹੈ ਕਿ ਆਈਸੀਐਮਆਰ ਦੀਆਂ ਸੇਧਾਂ ਵਿਚ ਲੇਬਲਿੰਗ 'ਚ ਖ਼ੁਰਾਕ ਐਲਰਜੀ ਦੇ ਮਰੀਜ਼ਾਂ ਦੀਆਂ ਲੋੜਾਂ ਬਾਰੇ ਵਿਸ਼ੇਸ਼ ਤੌਰ 'ਤੇ ਕੁਝ ਨਹੀਂ ਕਿਹਾ ਗਿਆ। ਮਿਸਾਲ ਦੇ ਤੌਰ 'ਤੇ, ਗਲੂਟਨ-ਮੁਕਤ ਉਤਪਾਦਾਂ ਦੀ ਢੁਕਵੀਂ ਲੇਬਲਿੰਗ 'ਸੀਲਿਏਕ ਰੋਗ' ਨੂੰ ਕਾਬੂ 'ਚ ਰੱਖਣ ਅਤੇ ਮਰੀਜ਼ਾਂ ਦੀ ਤੰਦਰੁਸਤੀ ਲਈ ਅਹਿਮ ਹੈ ਕਿਉਂਕਿ ਖੁਰਾਕੀ ਵਸਤਾਂ 'ਚ ਗਲੂਟਨ ਦੀ ਥੋੜ੍ਹੀ ਜਿਹੀ ਮਿਕਦਾਰ ਵੀ ਉਨ੍ਹਾਂ 'ਤੇ ਮਾੜੇ ਅਸਰ ਪਾ ਸਕਦੀ ਹੈ। ਆਈਸੀਐਮਆਰ ਨੂੰ ਗਲੂਟਨ ਲੇਬਲਿੰਗ ਬਾਰੇ ਵੱਧ ਪਾਰਦਰਸ਼ਤਾ ਤੇ ਰੈਗੂਲੇਟਰੀ ਮਿਆਰਾਂ ਦੀ ਪਾਲਣਾ ਦੀ ਵਕਾਲਤ ਕਰਨੀ ਚਾਹੀਦੀ ਹੈ। ਖੁਰਾਕੀ ਪਦਾਰਥਾਂ ਬਾਰੇ ਗੁਮਰਾਹਕੁਨ ਜਾਣਕਾਰੀ ਖਾਣ-ਪੀਣ ਦਾ ਗਲਤ ਰੁਝਾਨ ਸ਼ੁਰੂ ਕਰ ਸਕਦੀ ਹੈ। ਇਸ ਨਾਲ ਖ਼ਪਤਕਾਰਾਂ 'ਚ ਮੋਟਾਪੇ ਤੇ ਕੁਪੋਸ਼ਣ ਜਿਹੀਆਂ ਮੁਸ਼ਕਲਾਂ ਹੋਰ ਬਦਤਰ ਹੋ ਸਕਦੀਆਂ ਹਨ। ਆਈਸੀਐਮਆਰ ਵੱਲੋਂ ਕਾਰਵਾਈ ਲਈ ਦਿੱਤਾ ਸੱਦਾ ਸਪੱਸ਼ਟ ਹੈ: ਖ਼ਪਤਕਾਰ ਆਪਣੇ ਤੇ ਆਪਣੇ ਪਰਿਵਾਰ ਲਈ ਸਿਹਤਮੰਦ ਬਦਲ ਦੀ ਚੋਣ ਕਰਦਿਆਂ ਚੌਕਸੀ ਅਤੇ ਸਮਝਦਾਰੀ ਤੋਂ ਕੰਮ ਲੈਣ।

ਰੂਸੀ ਤੇਲ ਦੀ ਖਰੀਦ

ਪੱਛਮੀ ਰੋਕਾਂ ਦੇ ਬਾਵਜੂਦ ਭਾਰਤ ਵੱਲੋਂ ਬੇਹੱਦ ਸਸਤਾ ਰੂਸੀ ਤੇਲ ਖ਼ਰੀਦਣ ਬਾਰੇ ਲਿਆ ਗਿਆ ਫ਼ੈਸਲਾ ਕੂਟਨੀਤਕ ਤੇ ਆਰਥਿਕ, ਦੋਵਾਂ ਮੋਰਚਿਆਂ 'ਤੇ ਖ਼ਰਾ ਉਤਰਿਆ ਹੈ। ਰੂਸ-ਯੂਕਰੇਨ ਦੀ ਜੰਗ ਦਰਮਿਆਨ, ਅਮਰੀਕਾ ਤੇ ਇਸ ਦੇ ਸਾਥੀਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਉਹ ਨਵੀਂ ਦਿੱਲੀ ਨੂੰ, ਇਸ ਦੀ ਆਜ਼ਾਦਾਨਾ ਵਿਦੇਸ਼ ਨੀਤੀ ਲਈ ਅੱਖਾਂ ਦਿਖਾ ਕੇ ਆਪਣੇ ਮਗਰ ਚੱਲਣ ਨਹੀਂ ਮਜਬੂਰ ਨਹੀਂ ਕਰ ਸਕਦੇ। ਭਾਰਤ ਵਿਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੈੱਟੀ ਨੇ ਦਾਅਵਾ ਕੀਤਾ ਹੈ ਕਿ ਵਾਸ਼ਿੰਗਟਨ ਨੇ ਨਵੀਂ ਦਿੱਲੀ ਨੂੰ ਰੂਸੀ ਤੇਲ ਖ਼ਰੀਦਣ ਦਿੱਤਾ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ 'ਆਲਮੀ ਪੱਧਰ ਉਤੇ ਕੀਮਤਾਂ ਉਤਾਂਹ ਨਾ ਜਾਣ।' ਗਾਰਸੈੱਟੀ ਦਾ ਬਿਆਨ ਅਸਲ 'ਚ ਇਹ ਮੰਨਣ ਵਰਗਾ ਹੈ ਕਿ ਅਮਰੀਕਾ ਨੇ ਆਪਣੇ ਕਰੀਬੀ ਤੇ ਕੁਆਡ ਦੇ ਸਾਥੀ ਮੈਂਬਰ ਨੂੰ ਨਾਰਾਜ਼ ਨਾ ਕਰਨਾ ਚੁਣਿਆ। ਰਾਜਦੂਤ ਦਾ ਬਿਆਨ ਅਮਰੀਕੀ ਖਜ਼ਾਨਾ ਵਿਭਾਗ ਦੇ ਸੀਨੀਅਰ ਅਧਿਕਾਰੀ ਐਰਿਕ ਵਾਨ ਨੋਸਟਰਾਂਡ ਦੇ ਉਸ ਬਿਆਨ ਨਾਲ ਮੇਲ ਖਾਂਦਾ ਹੈ ਜਿਸ ਵਿਚ ਉਨ੍ਹਾਂ ਪਿਛਲੇ ਮਹੀਨੇ ਕਿਹਾ ਸੀ ਕਿ ਅਮਰੀਕਾ ਨੇ ਭਾਰਤ ਨੂੰ ਰੂਸੀ ਤੇਲ ਦੀ ਦਰਾਮਦ 'ਚ ਕਟੌਤੀ ਕਰਨ ਲਈ ਨਹੀਂ ਕਿਹਾ।ਕਾਫ਼ੀ ਦਬਾਅ ਦਾ ਸਾਹਮਣਾ ਕਰਦਿਆਂ ਵੀ ਭਾਰਤ, ਅਮਰੀਕਾ ਨਾਲ ਵਧਦੀ ਆਪਣੀ ਨੇੜਤਾ ਤੇ ਰੂਸ ਨਾਲ ਪਰਖ਼ੇ ਹੋਏ ਵਪਾਰਕ ਰਿਸ਼ਤਿਆਂ ਵਿਚਾਲੇ ਵਧੀਆ ਸੰਤੁਲਨ ਬਣਾਉਣ ਵਿਚ ਸਫ਼ਲ ਰਿਹਾ ਹੈ। ਕੱਚੇ ਤੇਲ ਦੇ ਮਾਮਲੇ 'ਚ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਖ਼ਪਤਕਾਰ ਹੋਣ ਦੇ ਮੱਦੇਨਜ਼ਰ ਭਾਰਤ ਦੀ ਦਰਾਮਦ 'ਤੇ ਨਿਰਭਰਤਾ 85 ਪ੍ਰਤੀਸ਼ਤ ਤੋਂ ਵੀ ਵੱਧ ਹੈ। ਇਸ ਤਰ੍ਹਾਂ ਨਵੀਂ ਦਿੱਲੀ ਦੀ ਇਹ ਪਹੁੰਚ ਰਾਸ਼ਟਰੀ ਲੋੜਾਂ ਵਿਚੋਂ ਨਿਕਲੀ। ਪ੍ਰਸ਼ੰਸਾਯੋਗ ਹੈ ਕਿ ਭਾਰਤ ਦੀ ਕੱਚੇ ਤੇਲ ਦੀ ਦਰਾਮਦ ਦਾ ਖ਼ਰਚ 2023-24 ਵਿਚ ਘੱਟ ਕੇ 132.40 ਅਰਬ ਡਾਲਰ ਰਹਿ ਗਿਆ, ਜਦਕਿ 2022-23 ਵਿਚ ਇਹ 157.50 ਅਰਬ ਅਮਰੀਕੀ ਡਾਲਰ ਸੀ। ਚੰਗੀ ਛੋਟ 'ਤੇ ਮਿਲੇ ਰੂਸੀ ਤੇਲ ਨੇ ਦੇਸ਼ ਦੀ ਵੱਡੀ ਬੱਚਤ ਕਰਨ ਵਿਚ ਮਦਦ ਕੀਤੀ ਹੈ।

ਨਵੀਂ ਦਿੱਲੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਨਾਲ ਆਪਣੇ ਸਬੰਧਾਂ ਦਾ ਅਸਰ, ਰੂਸ ਨਾਲ ਆਪਣੇ ਨਿੱਗਰ ਰਾਬਤੇ ਉਤੇ ਨਹੀਂ ਪੈਣ ਦੇਵੇਗਾ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਫਰਵਰੀ 'ਚ ਮਿਊਨਿਖ ਸੁਰੱਖਿਆ ਕਾਨਫਰੰਸ ਵਿਚ ਸਿੱਧੇ ਲਫ਼ਜ਼ਾਂ ਵਿਚ ਕਿਹਾ ਸੀ: "ਵੱਖ-ਵੱਖ ਮੁਲਕਾਂ ਤੇ ਅਲੱਗ-ਅਲੱਗ ਰਿਸ਼ਤਿਆਂ ਦਾ ਆਪੋ-ਆਪਣਾ ਇਤਿਹਾਸ ਹੈ ਅਸੀਂ ਨਿਰੋਲ ਲੈਣ-ਦੇਣ ਵਾਲੀ ਕੱਟੜਤਾ 'ਚ ਯਕੀਨ ਨਹੀਂ ਰੱਖਦੇ ' ਉੱਭਰ ਰਹੀ ਬਹੁ-ਧਰੁਵੀ ਵਿਸ਼ਵ ਵਿਵਸਥਾ 'ਚ ਰਿਸ਼ਤਿਆਂ ਦਾ ਘੇਰਾ ਸੀਮਤ ਰੱਖਣ ਤੋਂ ਬਚਣ ਦੀ ਇਹ ਨੀਤੀ ਭਾਰਤ ਨੂੰ ਸਹੀ ਥਾਂ ਖੜ੍ਹਾ ਕਰ ਸਕਦੀ ਹੈ। ਇਸ ਤੋਂ ਇਲਾਵਾ, ਜਾਪਦਾ ਹੈ ਕਿ ਪੱਛਮ ਨੂੰ ਹੁਣ ਇਹ ਸਮਝ ਆ ਗਿਆ ਹੈ ਕਿ ਭਾਰਤ ਨੂੰ ਕੌਮਾਂਤਰੀ ਅਸਰਾਂ ਵਾਲੇ ਕਿਸੇ ਵੀ ਮਾਮਲੇ 'ਚ ਹਲਕੇ ਵਿਚ ਨਹੀਂ ਲਿਆ ਜਾ ਸਕਦਾ, ਫੇਰ ਭਾਵੇਂ ਉਹ ਯੂਕਰੇਨ ਦੀ ਜੰਗ ਹੋਵੇ ਜਾਂ ਗਾਜ਼ਾ ਦੀ।

ਪੰਜਾਬ ਵਿੱਚ ਨਸ਼ਿਆਂ ਦੀ ਦੁਰਵਰਤੋਂ ਅਤੇ ਇਸਦੇ ਪ੍ਰਭਾਵ

JATWINDER GREWAL
GOVERNOR AWARDEE

PARMINDER SINGH
STATE AWARDEE

zamidara@yhaoo.com

ਜਾਣ-ਪਛਾਣ:

ਪੰਜਾਬ, 'ਭਾਰਤ ਦਾ ਅਨਾਜ ਭੰਡਾਰ' ਵਜੋਂ ਜਾਣਿਆ ਜਾਂਦਾ ਹੈ, ਲੰਬੇ ਸਮੇਂ ਤੋਂ ਇੱਕ ਸੰਕਟ ਨਾਲ ਜੂਝ ਰਿਹਾ ਹੈ ਜੋ ਕਿ ਇਸਦੀ ਖੇਤੀ ਸਮਰੱਥਾ ਤੋਂ ਵੀ ਡੂੰਘਾ ਹੈ, ਨਸ਼ਿਆਂ ਦੀ ਦੁਰਵਰਤੋਂ ਦਾ ਵਿਆਪਕ ਮੁੱਦਾ। ਅਸੀਂ ਪੰਜਾਬ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਬਹੁਪੱਖੀ ਪਹਿਲੂਆਂ, ਇਸਦੇ ਮੂਲ ਕਾਰਨਾਂ, ਸਮਾਜਿਕ-ਆਰਥਿਕ ਪ੍ਰਭਾਵਾਂ ਅਤੇ ਇਸ ਖਤਰੇ ਨਾਲ ਨਜਿੱਠਣ ਲਈ ਚੁਣੌਤੀਆਂ ਦੀ ਪੜਚੋਲ ਕਰਾਂਗੇ।

ਇਤਿਹਾਸਕ ਸੰਦਰਭ:

ਪੰਜਾਬ ਵਿੱਚ ਨਸ਼ਿਆਂ ਦੀ ਦੁਰਵਰਤੋਂ ਦਾ ਇਤਿਹਾਸ 20ਵੀਂ ਸਦੀ ਦੇ ਅਖੀਰ ਤੱਕ ਲੱਭਿਆ ਜਾ ਸਕਦਾ ਹੈ ਜਦੋਂ ਰਾਜ ਬਦਨਾਮ ਗੋਲਡਨ ਕ੍ਰੈਸੈਂਟ ਖੇਤਰ ਨਾਲ ਭੂਗੋਲਿਕ ਨੇੜਤਾ ਕਾਰਨ ਨਸ਼ਿਆਂ ਦੀ ਤਸਕਰੀ ਦੇ ਕੇਂਦਰ ਵਜੋਂ ਉੱਭਰਿਆ ਸੀ। ਸ਼ੁਰੂ ਵਿੱਚ, ਅਫੀਮ ਅਤੇ ਹੈਰੋਇਨ ਵਰਗੀਆਂ ਨਸ਼ੀਲੀਆਂ ਦਵਾਈਆਂ ਨੇ ਰਾਜ ਵਿੱਚ ਆਪਣਾ ਰਸਤਾ ਲੱਭ ਲਿਆ, ਪਰ ਸਮੇਂ ਦੇ ਨਾਲ, ਸਿੰਥੈਟਿਕ ਡਰੱਗਜ਼ ਜਿਵੇਂ ਕਿ ਮੈਥਾਮਫੇਟਾਮਾਈਨ ਅਤੇ ਫਾਰਮਾਸਿਊਟੀਕਲ ਓਪੀਔਡਜ਼ ਨੇ ਵੀ ਪ੍ਰਮੁੱਖਤਾ ਹਾਸਲ ਕੀਤੀ ਹੈ।

ਮੂਲ ਕਾਰਨ:

ਪੰਜਾਬ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਫੈਲਣ ਵਿੱਚ ਕਈ ਆਪਸ ਵਿੱਚ ਜੁੜੇ ਕਾਰਕ ਯੋਗਦਾਨ ਪਾਉਂਦੇ ਹਨ:

ਸਮਾਜਿਕ-ਆਰਥਿਕ ਅਸਮਾਨਤਾਵਾਂ: ਪੰਜਾਬ ਦੇ ਤੇਜ਼ੀ ਨਾਲ ਆਰਥਿਕ ਵਿਕਾਸ ਨੇ ਅਸਮਾਨਤਾਵਾਂ ਨੂੰ ਜਨਮ ਦਿੱਤਾ ਹੈ, ਗਰੀਬੀ ਅਤੇ ਬੇਰੁਜ਼ਗਾਰੀ ਦੀਆਂ ਜੇਬਾਂ ਦੇ ਨਾਲ ਨਸ਼ਿਆਂ ਦੀ ਦੁਰਵਰਤੋਂ ਦੀ ਕਮਜ਼ੋਰੀ ਨੂੰ ਵਧਾ ਦਿੱਤਾ ਹੈ।ਸੱਭਿਆਚਾਰਕ ਕਾਰਨ: ਪੰਜਾਬੀ ਸੰਗੀਤ ਅਤੇ ਸਿਨੇਮਾ ਵਿੱਚ ਨਸ਼ਿਆਂ ਦੇ ਸੱਭਿਆਚਾਰ ਦੀ ਵਡਿਆਈ ਨੇ ਨਸ਼ਿਆਂ ਦੀ ਦੁਰਵਰਤੋਂ ਨੂੰ ਆਮ ਬਣਾ ਦਿੱਤਾ ਹੈ, ਖਾਸ ਕਰਕੇ ਨੌਜਵਾਨਾਂ ਵਿੱਚ।

ਪੰਜਾਬ ਵਿੱਚ ਨਸ਼ਿਆਂ ਦੀ ਦੁਰਵਰਤੋਂ ਅਤੇ ਇਸਦੇ ਪ੍ਰਭਾਵੂੰਚਯੋਗਤਾ: ਰਾਜ ਦੀਆਂ ਖੁਰਲੀਆਂ ਸਰਹੱਦਾਂ ਇਸ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਸੰਵੇਦਨਸ਼ੀਲ ਬਣਾਉਂਦੀਆਂ ਹਨ, ਜਿਸ ਵਿੱਚ ਦਵਾਈਆਂ ਸਸਤੀਆਂ ਕੀਮਤਾਂ 'ਤੇ ਆਸਾਨੀ ਨਾਲ ਉਪਲਬਧ ਹੁੰਦੀਆਂ ਹਨ।

ਪੁਨਰਵਾਸ ਬੁਨਿਆਦੀ ਢਾਂਚੇ ਦੀ ਘਾਟ: ਪੁਨਰਵਾਸ ਕੇਂਦਰਾਂ ਦੀ ਨਾਕਾਫ਼ੀ ਸੰਖਿਆ ਅਤੇ ਮਦਦ ਮੰਗਣ ਨਾਲ ਜੁੜਿਆ ਕਲੰਕ ਨਸ਼ਾ ਮੁਕਤੀ ਦੇ ਯਤਨਾਂ ਵਿੱਚ ਰੁਕਾਵਟ ਪਾਉਂਦਾ ਹੈ।

ਸਮਾਜ 'ਤੇ ਪ੍ਰਭਾਵ:

ਪੰਜਾਬੀ ਸਮਾਜ ਦੇ ਵੱਖ-ਵੱਖ ਪਹਿਲੂਆਂ 'ਤੇ ਨਸ਼ਿਆਂ ਦੀ ਦੁਰਵਰਤੋਂ ਦੇ ਨਤੀਜੇ

ਗੂੰਜਦੇ ਹਨ:

ਸਿਹਤ ਸੰਕਟ: ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨੇ HIV/AIDS, ਹੈਪੇਟਾਈਟਸ, ਅਤੇ ਮਾਨਸਿਕ ਸਿਹਤ ਸੰਬੰਧੀ ਵਿਗਾੜਾਂ ਸਮੇਤ ਸਿਹਤ ਮੁੱਦਿਆਂ ਵਿੱਚ ਵਾਧਾ ਕੀਤਾ ਹੈ।

ਪਰਿਵਾਰਾਂ ਦਾ ਟੁੱਟਣਾ: ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਪਰਿਵਾਰਾਂ ਦੇ ਤਾਣੇ-ਬਾਣੇ ਨੂੰ ਤੋੜ ਦਿੰਦੀ ਹੈ, ਜਿਸ ਨਾਲ ਘਰੇਲੂ ਹਿੰਸਾ, ਬੱਚਿਆਂ ਦੀ ਅਣਦੇਖੀ ਅਤੇ ਵਿੱਤੀ ਅਸਥਿਰਤਾ ਹੁੰਦੀ ਹੈ।

ਆਰਥਿਕ ਬੋਝ: ਨਸ਼ਿਆਂ ਦੀ ਦੁਰਵਰਤੋਂ ਕਾਰਨ ਉਤਪਾਦਕਤਾ ਦਾ ਨੁਕਸਾਨ, ਸਿਹਤ ਸੰਭਾਲ ਖਰਚਿਆਂ ਅਤੇ ਕਾਨੂੰਨ ਲਾਗੂ ਕਰਨ ਦੇ ਖਰਚਿਆਂ ਦੇ ਨਾਲ, ਰਾਜ 'ਤੇ ਭਾਰੀ ਆਰਥਿਕ ਬੋਝ ਪਾਉਂਦਾ ਹੈ।

ਅਪਰਾਧ ਵਿੱਚ ਵਾਧਾ: ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਨਸ਼ਾਖੋਰੀ ਅਪਰਾਧ ਦੀਆਂ ਦਰਾਂ, ਛੋਟੀਆਂ ਚੋਰੀਆਂ ਤੋਂ ਲੈ ਕੇ ਸੰਗਠਿਤ ਅਪਰਾਧ ਸਿੰਡੀਕੇਟ ਤੱਕ।

ਸਰਕਾਰੀ ਪਹਿਲਕਦਮੀਆਂ ਅਤੇ ਚੁਣੌਤੀਆਂ:

ਪੰਜਾਬ ਸਰਕਾਰ ਨੇ ਨਸ਼ਿਆਂ ਦੀ ਲਾਹਨਤ ਨਾਲ ਨਜਿੱਠਣ ਲਈ ਕਈ ਉਪਰਾਲੇ ਕੀਤੇ ਹਨ:

ਕਾਨੂੰਨ ਲਾਗੂ ਕਰਨਾ: ਨਸ਼ੀਲੇ ਪਦਾਰਥਾਂ ਦੀ ਸਪਲਾਈ ਚੇਨ ਨੂੰ ਵਿਗਾੜਨ ਅਤੇ ਤਸਕਰਾਂ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਦੀਆਂ ਕੋਸ਼ਿਸ਼ਾਂ ਨੂੰ ਵਧਾਇਆ ਗਿਆ।

ਮੁੜ ਵਸੇਬਾ ਪ੍ਰੋਗਰਾਮ: ਨਸ਼ਾ ਛੁਡਾਊ ਕੇਂਦਰਾਂ ਦੀ ਸਥਾਪਨਾ ਅਤੇ ਨਸ਼ਾ ਕਰਨ ਵਾਲਿਆਂ ਨੂੰ ਇਲਾਜ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਆਊਟਰੀਚ ਪ੍ਰੋਗਰਾਮ।

ਰੋਕਥਾਮ ਮੁਹਿੰਮਾਂ: ਜਨ ਜਾਗਰੂਕਤਾ ਮੁਹਿੰਮਾਂ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨਾ ਹੈ।

ਹਾਲਾਂਕਿ, ਇਹ ਯਤਨ ਚੁਣੌਤੀਆਂ ਨਾਲ ਭਰੇ ਹੋਏ ਹਨ, ਜਿਸ ਵਿੱਚ ਭ੍ਰਿਸ਼ਟਾਚਾਰ, ਰਾਜਨੀਤਿਕ ਦਖਲਅੰਦਾਜ਼ੀ, ਅਤੇ ਡਰੱਗ ਕਾਰਟੈਲਾਂ ਦੇ ਲਚਕੀਲੇ ਸੁਭਾਅ ਸ਼ਾਮਲ ਹਨ। ਇਸ ਤੋਂ ਇਲਾਵਾ, ਸਮਾਜਕ-ਆਰਥਿਕ ਕਾਰਕਾਂ ਨੂੰ ਸੰਬੋਧਿਤ ਕਰਨ ਵਾਲੇ ਸੰਪੂਰਨ ਪਹੁੰਚਾਂ ਦੀ ਘਾਟ ਨਸ਼ਾ ਵਿਰੋਧੀ ਪਹਿਲਕਦਮੀਆਂ ਦੀ ਪ੍ਰਭਾਵਸ਼ੀਲਤਾ ਨੂੰ ਕਮਜ਼ੋਰ ਕਰਦੀ ਹੈ।

ਸਿੱਟਾ:

ਪੰਜਾਬ ਵਿੱਚ ਨਸ਼ਾਖੋਰੀ ਦਾ ਸੰਕਟ ਇੱਕ ਗੁੰਝਲਦਾਰ ਅਤੇ ਡੂੰਘਾ ਮਸਲਾ ਹੈ ਜੋ ਬਹੁਪੱਖੀ ਪਹੁੰਚ ਦੀ ਮੰਗ ਕਰਦਾ ਹੈ। ਜਦੋਂ ਕਿ ਨਸ਼ੀਲੇ ਪਦਾਰਥਾਂ ਦੀ ਸਪਲਾਈ ਚੇਨ ਨੂੰ ਵਿਗਾੜਨ ਲਈ ਕਾਨੂੰਨ ਲਾਗੂ ਕਰਨ ਦੇ ਉਪਾਅ ਜ਼ਰੂਰੀ ਹਨ, ਸਮਾਜਿਕ-ਆਰਥਿਕ ਅਸਮਾਨਤਾਵਾਂ ਨੂੰ ਹੱਲ ਕਰਨਾ, ਸਿੱਖਿਆ ਅਤੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ, ਅਤੇ ਮੁੜ ਵਸੇਬਾ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਣਾ ਵੀ ਬਰਾਬਰ ਮਹੱਤਵਪੂਰਨ ਹਨ। ਸਰਕਾਰੀ ਏਜੰਸੀਆਂ, ਸਿਵਲ ਸੋਸਾਇਟੀ ਅਤੇ ਵੱਡੇ ਪੱਧਰ 'ਤੇ ਭਾਈਚਾਰੇ ਦੀ ਸ਼ਮੂਲੀਅਤ ਨਾਲ ਹੀ ਠੋਸ ਯਤਨਾਂ ਰਾਹੀਂ ਹੀ ਪੰਜਾਬ ਨਸ਼ਿਆਂ ਦੀ ਲਾਹਨਤ 'ਤੇ ਕਾਬੂ ਪਾ ਸਕਦਾ ਹੈ ਅਤੇ ਸਿਹਤਮੰਦ ਅਤੇ ਸੰਪੰਨ ਭਾਈਚਾਰਿਆਂ ਦੇ ਨਾਲ ਭਾਰਤ ਦੇ ਅਨਾਜ ਭੰਡਾਰ ਵਜੋਂ ਆਪਣਾ ਦਰਜਾ ਪ੍ਰਾਪਤ ਕਰ ਸਕਦਾ ਹੈ।

ਸੂਝਵਾਨ ਵੋਟਰੋ;ਪਾਰਟੀ ਬਦਲਣ ਵਾਲਿਆਂ ਨੂੰ ਮੂੰਹ ਨਾ ਲਾਇਓ !

ਜਦੋਂ ਕੋਈ ਬੰਦਾ, ਪਲ 2 ਤੇ ਬਦਲ ਜਾਵੇ,ਭਾਵ ਉਹਨੂੰ ਆਪਣੇ ਆਪ ਤੇ ਹੀ ਕੋਈ ਯਕੀਨ

ਪਨੀਰ ਮੱਖਣੀ

ਲਸਣ ਅਤੇ ਪਿਆਜ ਦੇ ਫ਼ਲੇਵਰ ਦੇ ਬਿਨਾਂ, ਜੈਨੀ ਸਟਾਇਲ ਦੀ ਪਨੀਰ ਮੱਖਣੀ ਸਬਜ਼ੀ ਦਾ ਸੁਆਦ ਬਹੁਤ ਹੀ ਚਟਾਖੇਦਾਰ ਹੁੰਦਾ ਹੈ। ਵਰਤ ਵਿੱਚ ਖਾਧੇ ਜਾਣ ਵਾਲੀ ਇਸ ਮਸਾਲੇਦਾਰ ਸਬਜ਼ੀ ਵਿੱਚ ਪਨੀਰ ਨੂੰ ਟਮਾਟਰ ਦੀ ਥਿਕ ਅਤੇ ਸਪਾਇਸੀ ਗ੍ਰੇਵੀ ਦੇ ਨਾਲ ਬਣਾਇਆ ਜਾਂਦਾ ਹੈ। ਇਸ ਕ੍ਰੀਮੀ ਟੈਕਸਚਰ ਵਾਲੀ ਸਬਜ਼ੀ ਦਾ ਸੁਆਦ ਲੈਣ ਲਈ ਤੁਸੀਂ ਹਰ ਤਰ੍ਹਾਂ ਦੀ ਰੋਟੀ ਅਤੇ ਚਾਵਲਾਂ ਦੇ ਨਾਲ ਇਸ ਦਾ ਸੁਆਦ ਲੈ ਸਕਦੇ ਹੋ। ਅੱਜ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ
1 ਚਮਚ ਮੱਖਣ
ਚੁਟਕੀ ਇੱਕ ਜੀਰਾ
ਟਮਾਟਰ ਦੀ ਪਿਊਰੀ
ਤਾਜਾ ਕ੍ਰੀਮ 3/4 ਕੱਪ
ਨਮਕ ਸੁਆਦ ਮੁਤਾਬਕ
ਟਮਾਟਰ ਦੀ ਸਾਓਸ 2 ਚਮਚ
ਕਸ਼ਮੀਰੀ ਮਿਰਚ ਪਾਊਡਰ 1 ਚਮਚ
ਪਨੀਰ ਮਸਾਲਾ ਪਾਊਡਰ 1 ਚਮਚ
ਪਨੀਰ ਕੱਟਿਆ ਹੋਇਆ 200 ਗ੍ਰਾਮ
ਪਿਸੀ ਹੋਈ ਚੀਨੀ 1 ਚਮਚ
ਕਸੂਰੀ ਮੇਥੀ 1 ਚਮੱਚ

ਬਣਾਉਣ ਦੀ ਵਿਧੀ
ਪੈਨ ਗਰਮ ਕਰੋ ਅਤੇ ਉਸ ਵਿੱਚ ਮੱਖਣ ਪਾਓ।
ਮੱਖਣ ਪਿਘਲ ਜਾਣ 'ਤੇ ਉਸ ਵਿੱਚ ਜੀਰਾ ਪਾਓ
ਜੀਰੇ ਦੇ ਚਟਕਣ 'ਤੇ ਇਸ ਵਿੱਚ ਟਮਾਟਰ ਪਿਊਰੀ ਪਾਓ ਅਤੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਟਮਾਟਰ ਪਿਊਰੀ ਵਿੱਚ ਉਬਾਲ ਆਉਣ 'ਤੇ ਤਾਜ਼ਾ ਕ੍ਰੀਮ ਮਿਲਾਓ।
ਫ਼ਿਰ ਸਾਓਸ ਅਤੇ ਨਮਕ ਮਿਲਾ ਕੇ ਬਲੈਂਡ ਕਰੋ।
ਇਸ ਤੋਂ ਬਾਅਦ ਇਸ ਪੈਨ ਨੂੰ 10 ਮਿੰਟ ਤੱਕ ਢੱਕ ਕੇ ਰੱਖ ਦਿਓ ਅਤੇ ਪੱਕਣ ਦਿਓ।
ਥੋੜ੍ਹੀ-ਥੋੜ੍ਹੀ ਦੇਰ ਵਿੱਚ ਹਿਲਾਉਣਾ ਨਾ ਭੁੱਲੋ।
ਢੱਕਣ ਹਟਾਓ ਅਤੇ ਕਸ਼ਮੀਰੀ ਲਾਲ ਮਿਰਚ ਪਾਊਡਰ ਅਤੇ ਪਨੀਰ ਮਸਾਲਾ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਫ਼ਿਰ ਟੁੱਕੜੇ ਕੀਤੇ ਹੋਏ ਪਨੀਰ ਪਾ ਕੇ ਮਿਕਸ ਕਰ ਲਓ।
ਸਰਵ ਕਰਨ ਤੋਂ ਪਹਿਲਾਂ ਇਸ ਵਿੱਚ ਕਸੂਰੀ ਮੇਥੀ ਪਾਓ ਅਤੇ ਪੀਸੀ ਹੋਈ ਖੰਡ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।

ਚਟਪਟੀ ਫ਼ਰੂਟ ਚਾਟ

ਸਮੱਗਰੀ
150 ਗ੍ਰਾਮ ਉਬਲੇ ਆਲੂ
100 ਗ੍ਰਾਮ ਕੇਲਾ
150 ਗ੍ਰਾਮ ਸੇਬ
120 ਗ੍ਰਾਮ ਖੀਰਾ
50 ਗ੍ਰਾਮ ਲੋਬਿਆ ਉਬਲਿਆ ਹੋਇਆ
150 ਗ੍ਰਾਮ ਪਪੀਤਾ
1 ਚਮਚ ਲਾਲ ਮਿਰਚ
1 ਚਮਚ ਜੀਰਾ ਪਾਊਡਰ
1 ਚਮਚ ਹਰੀ ਮਿਰਚ
1 ਚਮਚ ਨਿੰਬੂ ਦਾ ਰਸ
3 ਚਮਚ ਇਮਲੀ ਦਾ ਪਲਪ

ਬਣਾਉਣ ਦੀ ਵਿਧੀ
ਸਭ ਤੋਂ ਪਹਿਲਾਂ ਸਾਰੇ ਫ਼ਰੂਟ ਨੂੰ ਕੱਟ ਲਓ ਅਤੇ ਫ਼ਿਰ ਇੱਕ ਕੋਲੀ ਵਿੱਚ ਪਿਆਜ, ਕੇਲੇ, ਸੇਬ, ਖੀਰਾ, ਕਚਾਲੂ, ਪਪੀਤਾ ਅਤੇ ਲੋਬੀਆ ਮਿਲਾ ਲਓ।
ਫ਼ਿਰ ਇਸ ਵਿੱਚ ਲਾਲ ਮਿਰਚ , ਚਾਟ ਮਸਾਲਾ, ਹਰੀ ਮਿਰਚ, ਕਾਲਾ ਨਮਕ, ਜੀਰਾ, ਹਰੀ ਮਿਰਚ, ਨਿੰਬੂ ਦਾ ਰਸ, ਇਮਲੀ ਦਾ ਪਲਪ, ਇਮਲੀ ਦੀ ਚਟਨੀ ਪਾ ਕੇ ਮਿਕਸ ਕਰ ਲਓ। ਚਾਟ ਬਣ ਕੇ ਤਿਆਰ ਹੈ ਇਸ ਨੂੰ ਸਰਵ ਕਰੋ।

ਸਟ੍ਰਾਬਰੀ ਚਾਕਲੇਟ ਬਾਰਸ

ਸਮੱਗਰੀ
4-5 ਸਟ੍ਰਾਬਰੀ
11/2 ਕੱਪ ਕਦੂਕਸ ਕੀਤਾ ਹੋਇਆ ਨਾਰੀਅਲ
1/4 ਕੱਪ ਮੈਪਲ ਸਿਰਪ
150 ਗ੍ਰਾਮ ਕੋਕੋਨਟ ਕ੍ਰੀਮ
2 ਚਮਚ ਕੋਕੋਨਟ ਤੇਲ
1 ਚਮਚ ਵਨੀਲਾ ਅਕਸਟ੍ਰੈਕਟ
200 ਗ੍ਰਾਮ ਡਾਰਕ ਚਾਕਲੇਟ

ਬਣਾਉਣ ਦੀ ਵਿਧੀ
ਸੱਭ ਤੋਂ ਪਹਿਲਾਂ ਸਟ੍ਰਾਬਰੀ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਉਹ ਸਖਤ ਹੋ ਜਾਵੇ। ਫ਼ਿਰ ਇਨ੍ਹਾਂ ਨੂੰ ਕੱਢ ਕੇ ਪੀਸ ਲਓ ਅਤੇ ਪਾਊਡਰ ਬਣਾ ਲਓ।
ਇੱਕ ਦੂਜੇ ਕਟੋਰੇ ਵਿੱਚ ਨਾਰੀਅਲ, ਮੈਪਲ ਸਿਰਪ, ਕੋਕੋਨਟ ਕ੍ਰੀਮ, ਵਨੀਲਾ ਅਕਸਟ੍ਰੈਕਟ ਅਤੇ ਕੋਕੋਨਟ ਤੇਲ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰੋ।
ਫ਼ਿਰ ਇਸ ਵਿੱਚ ਪੀਸੀ ਹੋਈ ਸਟ੍ਰਾਬੇਰੀ ਪਾਊਡਰ ਮਿਲਾਓ ਅਤੇ ਹੱਥ ਨਾਲ ਸਾਰੇ ਮਿਸ਼ਰਣ ਦੇ ਛੋਟੇ ਆਕਾਰ ਦੇ ਬਾਰ ਬਣਾ ਲਓ।
ਜਦੋਂ ਸਾਰੇ ਸਟ੍ਰਾਬੇਰੀ ਬਾਰ ਬਣ ਜਾਣ ਤਾਂ ਇਸ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ।
ਫ਼ਿਰ ਚਾਕਲੇਟ ਨੂੰ ਕਿਸੇ ਕਟੋਰੇ ਵਿੱਚ ਪਾ ਕੇ ਮਾਈਕਰੋਵੇਵ ਵਿੱਚ ਪਿਘਲਣ ਲਈ ਰੱਖ ਦਿਓ।
ਜਦੋਂ ਚਾਕਲੇਟ ਪਿਘਲ ਜਾਵੇ ਤਾਂ ਤਿਆਰ ਸਟ੍ਰਾਬੇਰੀ ਬਾਰ ਨੂੰ ਫ਼ਰਿੱਜ ਵਿੱਚੋਂ ਕੱਢ ਲਓ ਅਤੇ ਇੱਕ-ਇੱਕ ਚਾਕਲੇਟ ਵਿੱਚ ਡਿੱਪ ਕਰਕੇ ਦੂਜੀ ਪਲੇਟ ਵਿੱਚ ਰੱਖ ਦਿਓ। ਇਸੇ ਤਰ੍ਹਾਂ ਸਾਰੀ ਚਾਕਲੇਟ ਬਾਰ ਨੂੰ ਡਿਪ ਕਰਕੇ ਪਲੇਟ ਵਿੱਚ ਕੱਢ ਲਓ ਅਤੇ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਚਾਕਲੇਟ ਚੰਗੀ ਤਰ੍ਹਾਂ ਨਾਲ ਸੈਟ ਹੋ ਜਾਵੇ। ਤੁਹਾਡਾ ਸਟ੍ਰਾਬੇਰੀ ਚਾਕਲੇਟ ਤਿਆਰ ਹੈ।

ਖ਼ੁਦ ਨਾਲ ਵੀ ਕਰੀਏ ਗ਼ੁਫ਼ਤਗੂ

➢ ਦੀਪਤੀ ਬਬੂਟਾ

ਘਰ-ਪਰਿਵਾਰ, ਸਾਕ ਸਬੰਧੀ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ ਤੇ ਇਨ੍ਹਾਂ ਦੇ ਆਲੇ-ਦੁਆਲੇ ਹੀ ਉਮਰ ਚੱਕਾ ਚੱਲਦਾ ਰਹਿੰਦਾ ਹੈ। ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਉਧੇੜ-ਬੁਣ ਕਰਨਾ ਜ਼ਰੂਰੀ ਹੈ, ਪਰ ਕੋਈ ਇੱਕ ਸੁਪਨਾ ਆਪਣੇ ਲਈ ਬੁਣਨਾ ਵੀ ਜ਼ਰੂਰੀ ਹੈ ਜੋ ਤੁਹਾਡੀ ਆਪਣੀ ਸ਼ਖ਼ਸੀਅਤ ਦੇ ਰੇਖਾ-ਚਿੱਤਰ ਦਾ ਸਭ ਤੋਂ ਖ਼ੂਬਸੂਰਤ ਨਮੂਨਾ ਬਣ ਕੇ ਦੂਜਿਆਂ ਨੂੰ ਖਿੱਚ ਪਾਵੇ ਤੇ ਖ਼ਾਸ ਹੋਣ ਦਾ ਅਹਿਸਾਸ ਹੋ ਜਾਵੇ। ਸੌਣਾ-ਜਾਗਣਾ, ਖਾਣਾ-ਪੀਣਾ, ਰੋਜ਼ੀ-ਰੋਟੀ ਕਮਾਉਣਾ ਰੋਜ਼ਾਨਾ ਜ਼ਿੰਦਗੀ ਦੀ ਦੌੜ ਹਨ ਜਿਸ 'ਚ ਇੱਕ-ਦੂਜੇ ਨੂੰ ਪਛਾੜਨ ਦੇ ਚੱਕਰ ਵਿੱਚ ਅਸੀਂ ਖ਼ੁਦ ਤੋਂ ਦੂਰ ਹੁੰਦੇ-ਹੁੰਦੇ ਸਵੈ ਦੀ ਪਛਾਣ ਤਕ ਭੁੱਲ ਕੇ ਭੀੜ ਦਾ ਹਿੱਸਾ ਬਣ ਜਾਂਦੇ ਹਾਂ। ਇਸ ਭੀੜ ਤੋਂ ਵੱਖ ਖੜ੍ਹਾ ਹੋਣ ਦਾ ਇੱਕੋ-ਇੱਕ ਰਾਹ ਹੈ ਆਪੇ ਨਾਲ ਸੰਵਾਦ ਰਚਾਉਂਦਿਆਂ ਖ਼ੁਦ ਦੀ ਪਛਾਣ ਕਰਨੀ।

ਸਬੰਧਾਂ ਦੀ ਸਾਂਝ ਬਚਾਉਣ ਲਈ ਜੇਕਰ ਸਮੇਂ-ਸਮੇਂ 'ਤੇ ਆਪਸੀ ਗੱਲਬਾਤ ਮਹੱਤਵ ਰੱਖਦੀ ਹੈ ਤਾਂ ਖ਼ੁਦ ਨਾਲ ਸਾਂਝ ਬਣਾਉਣ ਲਈ ਆਪੇ ਨਾਲ ਸੰਵਾਦ ਰਚਾਉਣਾ ਵੀ ਬੇਹੱਦ ਜ਼ਰੂਰੀ ਹੈ। ਖ਼ੁਦ ਦਾ ਹਾਲ ਜਾਣਨਾ, ਆਪਣੇ ਅੰਦਰ ਦੇ ਜ਼ਖ਼ਮਾਂ ਦੀ ਪੀੜ ਪਛਾਣਨੀ ਵੀ ਜ਼ਰੂਰੀ ਹੈ।

ਖ਼ੁਦ ਨਾਲ ਗ਼ੁਫ਼ਤਗੂ ਕਰਨ ਲਈ ਆਪੇ 'ਤੇ ਝਾਤ ਪਾਉਂਦਿਆਂ ਖ਼ੁਦੀ ਨੂੰ ਨਿਹਾਰਨਾ ਤੇ ਇਸ ਪ੍ਰਕਿਰਿਆ ਦੌਰਾਨ ਟੁੱਟਦੇ-ਜੁੜਦੇ ਵਿਚਾਰਾਂ ਦੀ ਪੜਚੋਲ ਕਰਦਿਆਂ ਮਾੜੇ ਵਿਚਾਰਾਂ ਨੂੰ ਛੰਡ ਕੇ ਚੰਗੇ ਵਿਚਾਰਾਂ ਦਾ ਧਾਰਨੀ ਬਣਿਆ ਜਾ ਸਕਦਾ ਹੈ। ਸਵੈ-ਪੜਚੋਲ ਕਰਦਿਆਂ ਜਿੱਥੇ ਖ਼ੁਦ ਨੂੰ ਸਲਾਹੁਣਾ ਜ਼ਰੂਰੀ ਹੈ, ਉੱਥੇ ਨੀਰਸਤਾ ਅਤੇ ਨਕਾਰਾਤਮਕਤਾ ਦਾ ਪੱਖ ਭਾਰੀ ਪੈਂਦਿਆਂ ਖ਼ੁਦ ਨੂੰ ਫਿਟਕਾਰਨਾ ਵੀ ਜ਼ਰੂਰੀ ਹੈ।ਆਪੇ ਨਾਲ ਗ਼ੁਫ਼ਤਗੂ ਦਾ ਸਿਲਸਿਲਾ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਗਹਿਰੀ ਨੀਂਦ ਦਾ ਤਿਆਗ ਜ਼ਰੂਰੀ ਹੈ। ਸਵੇਰ ਦੀ ਨੀਂਦ ਮਨੁੱਖ ਨੂੰ ਆਪਣੇ ਕਲਾਵੇ 'ਚ ਘੁੱਟਦੀ ਹੈ, ਪਰ ਇਸ ਦਾ ਮੋਹ ਤਿਆਗਣ ਵਾਲੇ ਹੀ ਹੋਰਾਂ ਨੂੰ ਪਛਾੜ ਸਫਲਤਾ ਦੀ ਕਤਾਰ 'ਚ ਮੋਹਰੀ ਖੜ੍ਹੇ ਹੁੰਦੇ ਹਨ। ਅੱਖਾਂ ਦਾ ਖੁੱਲ੍ਹਣਾ ਹੀ ਜਾਗਣਾ ਨਹੀਂ ਹੁੰਦਾ। ਅੱਖਾਂ ਖੋਲ੍ਹ ਕੇ ਬਿਸਤਰੇ 'ਚ ਸਿਰ ਦੇ ਕੇ ਰੱਖਣਾ ਤਾਂ ਸੁੱਤੇ ਹੋਣ ਨਾਲੋਂ ਵੀ ਭਿਆਨਕ ਅਵਸਥਾ ਹੈ ਕਿਉਂਕਿ ਇਹ ਆਲਸ ਹੀ ਦਰਿੱਦਰਤਾ ਬਣ ਕੇ ਨਿਰਾਸ਼ਾ ਦੀ ਹਾਲਤ ਦਾ ਆਧਾਰ ਬਣਦਾ ਹੈ।ਜੀਵਨ ਦਾ ਆਧਾਰ ਬਣਾਉਣ ਵਾਲੇ ਮਨੁੱਖ ਤੋਂ ਆਲਸ, ਦਰਿੱਦਰਤਾ, ਨਿਰਾਸ਼ਾ, ਅਸਫਲਤਾ ਭੈਅ ਖਾਂਦੇ ਹਨ। ਸੁੱਤੇ ਹੋਏ ਵੀ ਜਾਗਣ ਦੀ ਅਵਸਥਾ ਪ੍ਰਾਪਤ ਕਰਨਾ ਹੀ ਅਸਲ ਜਾਗਣਾ ਹੈ, ਜਿੱਥੇ ਨਿਰੰਤਰ ਆਪੇ ਨਾਲ ਸਵਾਲ ਕਰਦਿਆਂ ਹੁੰਗਾਰੇ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਖ਼ੁਦ ਨੂੰ ਸਵਾਲ ਕਰੋ, ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿੱਚ ਮੈਂ ਕੌਣ ਹਾਂ? ਮੈਂ ਕੀ ਹਾਂ? ਮੈਂ ਕਿਉਂ ਹਾਂ? ਮੈਂ ਕਿੱਥੇ ਹਾਂ? ਮੈਂ ਕਿਸ ਲਈ ਹਾਂ? ਜੇ ਮੌਤ ਹੀ ਹਕੀਕਤ ਹੈ ਤਾਂ ਜੀਵਨ ਦਾ ਅਰਥ ਕੀ ਹੈ? ਮਕਸਦ ਕੀ ਹੈ?

ਇੱਥੇ ਕੋਈ ਤੁਹਾਡੇ ਸੁਪਨੇ ਪੂਰੇ ਕਰਨ ਲਈ ਨਹੀਂ, ਬਲਕਿ ਹਰ ਕੋਈ ਆਪਣੇ ਸੁਪਨਿਆਂ ਦੀ ਪੂਰਤੀ ਦੇ ਮੱਕੜਜਾਲ ਵਿੱਚ ਉਲਝਿਆ ਹੋਇਆ ਹੈ।ਆਪਣੀ ਉਲਝਣ ਵਿੱਚੋਂ ਨਿਕਲਣ ਲਈ ਤੁਸੀਂ ਉਨ੍ਹਾਂ ਲਈ ਜ਼ਰੀਆ ਹੋ ਸਕਦੇ ਹੋ, ਰਸਤਾ ਹੋ ਸਕਦੇ ਹੋ ਤੇ ਪੌੜੀ ਵੀ। ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫ਼ਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ। ਕਿਸੇ ਨੂੰ ਸ਼ੀਸ਼ਾ ਦਿਖਾਉਣ ਤੋਂ ਪਹਿਲਾਂ ਖ਼ੁਦ ਸ਼ੀਸ਼ੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣਾ ਜ਼ਰੂਰੀ ਹੈ। ਜੇ ਆਪਣੇ ਅੰਦਰ ਝਾਤ ਮਾਰਦਿਆਂ ਸਿਰ ਝੁਕ ਜਾਵੇ ਤਾਂ ਇਸ ਤੋਂ ਵੱਡੀ ਸ਼ਰਮਿੰਦਗੀ ਨਹੀਂ। ਜੇਕਰ ਖ਼ੁਦ ਨੂੰ ਨਿਹਾਰਦਿਆਂ ਚਿਹਰੇ ਦੀ ਲਾਲੀ ਖਿੜ ਉੱਠੇ ਤਾਂ ਇਸ ਤੋਂ ਵੱਡਾ ਫਖ਼ਰ ਕੋਈ ਹੋਰ ਹੋ ਹੀ ਨਹੀਂ ਸਕਦਾ। ਮਨ ਦੀ ਆਵਾਜ਼ ਸੁਣੋ, ਸੁਣੇ ਦਾ ਹੁੰਗਾਰਾ ਭਰੋ ਤੇ ਫਿਰ ਜੋ ਸੁਣਿਆ ਹੈ ਉਸ ਨੂੰ ਸਮਝ ਕੇ ਆਪੇ ਨੂੰ ਸਵਾਲ ਕਰਦਿਆਂ ਆਪਣੇ ਅੰਦਰੋਂ ਜੁਆਬ ਭਾਲਣਾ ਤੇ ਫਿਰ ਸਿੱਖੇ ਸਬਕ ਨੂੰ ਜੀਵਨ ਆਚਰਨ 'ਚ ਢਾਲਣਾ ਹੀ ਸ਼ਖ਼ਸੀਅਤ ਦਾ ਸ਼ਿੰਗਾਰ ਹੈ।

ਜ਼ਰੂਰਤ ਹੈ ਕਿਸੇ ਵਾਸਤੇ ਨਹੀਂ, ਬਲਕਿ ਆਪੇ ਲਈ ਖੁੱਲ੍ਹੀ ਕਿਤਾਬ ਬਣਨ ਦੀ। ਚਿਰਾਂ ਬਾਅਦ ਵੀ ਪੰਨਾ ਫੋਲੀਏ ਤਾਂ ਆਪੇ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ। ਖ਼ੁਦ ਨਾਲ ਹੱਸਣਾ, ਖ਼ੁਦ ਨਾਲ ਰੋਣਾ, ਖ਼ੁਦ ਨਾਲ ਦੋਸਤੀ ਕਰਕੇ ਆਪਣਾ ਆਲੋਚਕ ਬਣਨਾ, ਆਪਣੇ ਨਾਲ ਦੁਸ਼ਮਣੀ ਪਾ ਕੇ ਦੋਸਤੀ ਦੇ ਅਰਥ ਪਛਾਣਨਾ, ਦੂਜਿਆਂ ਨੂੰ ਦੀਵਾ ਦਿਖਾਉਣ ਦੀ ਬਜਾਏ ਖ਼ੁਦ ਦੀਵੇ ਦੀ ਲੋਅ ਤੋਂ ਚਾਨਣ ਲੈ ਕੇ ਦੂਜਿਆਂ ਨੂੰ ਰੌਸ਼ਨੀਆਂ ਵੰਡਣ ਦੀ ਪ੍ਰਵਿਰਤੀ ਪਾਲਣੀ ਅਤੇ ਝੂਠੀ ਜ਼ਿੰਦਗੀ ਜਿਊਣ ਦੀ ਆਦਤ ਤੋਂ ਛੁਟਕਾਰਾ ਪਾ ਕੇ ਖ਼ੁਦ ਨਾਲ ਸੱਚੇ ਬਣਨ ਦੀ ਲੋੜ ਹੈ। ਭਾਵੇਂ ਸੌਖਾ ਤਾਂ ਨਹੀਂ, ਪਰ ਇੱਕ ਵਾਰ ਜੇ ਆਪਣੇ ਆਪ ਨਾਲ ਸੱਚੇ ਹੋਣ ਦਾ ਹੌਸਲਾ ਆ ਗਿਆ ਤਾਂ ਯਕੀਨਨ ਨਾ ਕੇਵਲ ਜੀਵਨ ਖ਼ੂਬਸੂਰਤ ਹੋ ਜਾਏਗਾ, ਬਲਕਿ ਮੌਤ ਦੇ ਭੈਅ ਤੋਂ ਵੀ ਮੁਕਤੀ ਮਿਲ ਜਾਵੇਗੀ। ਕਿਸੇ ਦੇ ਦੁੱਖ ਦਿੱਤਿਆਂ ਰੋ ਪਏ, ਕਿਸੇ ਦੇ ਹਸਾਇਆਂ ਹੱਸ ਪਏ, ਅਜਿਹੇ ਕਠਪੁਤਲੀ ਜੀਵਨ ਨੂੰ ਤਿਆਗ ਕੇ ਕਿਉਂ ਨਾ ਆਪਣੇ ਹਾਸਿਆਂ-ਰੋਣਿਆਂ ਦੀ ਵਾਗਡੋਰ ਕੇਵਲ ਆਪਣੇ ਹੱਥ ਹੀ ਰੱਖੀ ਜਾਵੇ। ਮਨੁੱਖੀ ਜੀਵਨ ਬਹੁਮੁੱਲਾ ਹੈ। ਇਸ ਦੀਆਂ ਕਈ ਤੰਦਾਂ ਕਈ ਵਾਰ ਉਲਝ ਜਾਂਦੀਆਂ ਹਨ। ਇਨ੍ਹਾਂ ਨੂੰ ਸੁਲਝਾਉਣ ਦਾ ਵੀ ਇੱਕ ਮੂਲ-ਮੰਤਰ ਹੈ ਤੇ ਉਹ ਹੈ ਆਪਣੇ ਮਨ ਨਾਲ ਗੱਲਾਂ ਕਰਨਾ। ਤਾਂ ਫਿਰ ਆਓ, ਖ਼ੁਦ ਨਾਲ ਵੀ ਕਰੀਏ ਗ਼ੁਫ਼ਤਗੂ ਤੇ ਬਣ ਜਾਈਏ ਖ਼ੁਦ ਦੇ ਸੱਚੇ ਸਾਥੀ। 98146-70707

ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ।

ਪ੍ਰਸ਼ੰਸਾ ਕਰਕੇ ਤਾਂ ਦੇਖੋ

ਜੋਧ ਸਿੰਘ ਮੋਗਾ

ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਸ਼ਬਦ ਕੋਸ਼ ਵਿੱਚ ਪ੍ਰਸ਼ੰਸਾ ਦੇ ਦੋ ਹੀ ਅਰਥ ਲਿਖੇ ਹਨ, 'ਉਸਤਤਿ ਅਤੇ ਤਾਅਰੀਫ਼' ਪਰ ਕਈ ਕੋਸ਼ਾਂ ਨੇ ਸਿਫ਼ਤ, ਵਡਿਆਈ, ਮਹਿਮਾ, ਸ਼ਲਾਘਾ, ਤਾਰੀਫ਼ ਅਤੇ ਸਲਾਹੁਣ ਨੂੰ ਪ੍ਰਸ਼ੰਸਾ ਦੇ ਸਮਾਨਾਂਤਰ ਰੱਖਿਆ ਹੈ। ਹੋਰ ਵੀ ਕਈ ਸ਼ਬਦ ਇਸ ਦੇ ਹਾਣੀ ਹੋ ਸਕਦੇ ਹਨ। ਇਸ ਦੀ ਠੀਕ ਵਰਤੋਂ ਕਦੋਂ, ਕਿੱਥੇ ਅਤੇ ਕਿਵੇਂ ਕਰਨੀ ਹੈ, ਇਹ ਆਪਾਂ ਆਪ ਦੇਖਣਾ ਹੈ।ਮਹਾਨ ਲਿਖਾਰੀਆਂ, ਗੁਰੂਆਂ, ਪੀਰਾਂ ਅਤੇ ਪਰਚਾਰਕਾਂ ਨੇ ਪ੍ਰਸ਼ੰਸਾ ਨੂੰ ਬੜਾ ਉੱਚਾ ਸਥਾਨ ਦਿੱਤਾ ਹੈ। ਗੁਰੂ ਨਾਨਕ ਦੀ ਬਾਣੀ ਰੱਬ ਦੀ ਪ੍ਰਸ਼ੰਸਾ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਗੁਰਬਖ਼ਸ਼ ਸਿੰਘ ਨੇ ਜੀਵਨ ਜਾਚ ਵਿੱਚ ਪ੍ਰਸ਼ੰਸਾ ਦੀ ਲੋੜ 'ਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਡੇਲ ਕਾਰਨੇ ਨੇ ਅੰਤਿਮ ਦਿਨ ਕਿਵੇਂ ਵੀ ਗੁਜ਼ਾਰੇ ਹੋਣ, ਪਰ ਉਸ ਨੇ ਲੱਖਾਂ ਲੋਕਾਂ ਨੂੰ ਭਾਸ਼ਣਾਂ ਅਤੇ ਕਿਤਾਬਾਂ ਰਾਹੀ ਮਰਨੋਂ ਬਚਾਇਆ, ਜਿਊਣਾ ਸਿਖਾਇਆ ਅਤੇ ਖ਼ੁਸ਼ੀਆਂ ਭਰੀ ਜ਼ਿੰਦਗੀ ਦੇ ਰਾਹ ਪਾਇਆ। ਇਹ ਸਮੁੱਚੀ ਕਰਾਮਾਤ ਪ੍ਰਸ਼ੰਸਾ ਕਰਨ ਦੀ ਸੀ।

ਜਦੋਂ ਕੋਈ ਚੀਜ਼, ਕੋਈ ਗੱਲ, ਕੋਈ ਕੰਮ ਅਤੇ ਕੋਈ ਵਿਅਕਤੀ ਤੁਹਾਨੂੰ ਚੰਗਾ ਲੱਗਦਾ ਹੈ, ਤੁਹਾਨੂੰ ਖ਼ੁਸ਼ੀ ਦਿੰਦਾ ਹੈ, ਤੁਹਾਡੇ ਮਨ ਨੂੰ ਟੁੰਬਦਾ ਹੈ ਅਤੇ ਤੁਸੀਂ ਇਸ ਖ਼ੁਸ਼ੀ ਨੂੰ ਪ੍ਰਗਟ ਕਰਦੇ ਹੋ ਤਾਂ ਇਹ ਪ੍ਰਸ਼ੰਸਾ ਹੈ। ਇਹ ਖ਼ੁਸ਼ੀ ਤੁਸੀਂ ਆਪਣੇ ਮਨ ਹੀ ਮਨ 'ਚ ਰੱਖ ਕੇ ਵੀ ਆਨੰਦ ਲੈ ਸਕਦ

ਮਨੁੱਖਤਾ ਨੂੰ ਸੁਚੇਤ ਕਰਨ ਲਈ 'ਸ੍ਰੀ ਗੁਰੂ ਨਾਨਕ ਪਾਣੀ ਬਚਾਓ ਮਿਸ਼ਨ ਪੰਜਾਬ' ਦਾ ਗਠਨ, ਬਲਕਾਰ ਸਿੰਘ ਕਾਨਾਹੇੜੀ ਬਣੇ ਪ੍ਰਧਾਨ

ਪਟਿਆਲਾ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲਗਾਤਾਰ ਜ਼ਮੀਨੀ ਪਾਣੀ ਦੇ ਘਟਦੇ ਜਾ ਰਹੇ ਪੱਧਰ ਤੇ ਪਾਣੀ ਦੀ ਹੋ ਰਹੀ ਬਰਬਾਦੀ ਨੂੰ ਰੋਕਣ ਲਈ ਪਟਿਆਲਾ ਦੇ ਕੁੱਝ ਸੁਚੇਤ ਲੋਕਾਂ ਵਲੋਂ ਪਹਿਲ ਕੀਤੀ ਜਾ ਰਹੀ ਹੈ। ਇਨ੍ਹਾਂ ਲੋਕਾਂ ਨੇ ਪਟਿਆਲਾ ਵਿਖੇ 'ਪਾਣੀ ਜੀਵਨ ਦੀ ਮੁੱਖ ਜ਼ਰੂਰਤ' ਦੀ ਅਹਿਮੀਅਤ ਨੂੰ ਸਮਝਦੇ ਹੋਏ 'ਸ੍ਰੀ ਗੁਰੂ ਨਾਨਕ ਪਾਣੀ ਬਚਾਓ ਮਿਸ਼ਨ ਪੰਜਾਬ' ਦਾ ਗਠਨ ਕੀਤਾ ਹੈ। ਜਿਸ ਵਿਚ ਗੁਰਕਿਰਪਾਲ ਸਿੰਘ ਕਸਿਆਣਾ ਨੂੰ ਸਰਪ੍ਰਸਤ, ਬਲਕਾਰ ਸਿੰਘ ਕਾਨਾਹੇੜੀ ਪ੍ਰਧਾਨ, ਜਗਰੂਪ ਸਿੰਘ ਪੰਜੌਲਾ ਮੀਤ ਪ੍ਰਧਾਨ, ਭੁਪਿੰਦਰ ਸਿੰਘ ਗਿੱਲ ਨੂੰ ਖਜ਼ਾਨਚੀ, ਗੁਰਬਚਨ ਸਿੰਘ ਸੀਲ ਅਤੇ ਰਾਕੇਸ਼ ਕੁਮਾਰ ਗੋਲਡੀ ਨੂੰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸ ਮਿਸ਼ਨ ਵਲੋਂ ਮਨੁੱਖਤਾ ਦੀ ਭਲਾਈ ਲਈ ਵੱਖ ਵੱਖ ਜਥੇਬੰਦੀਆਂ ਤੋਂ ਪਾਣੀ ਬਚਾਉਣ ਦੀ ਜ਼ਰੂਰਤ ਲਈ ਸਹਿਯੋਗ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਬਲਕਾਰ ਸਿੰਘ ਕਾਨਾਹੇੜੀ ਤੇ ਗੁਰਪਿਾਲ ਸਿੰਘ ਕਸਿਆਣਾ ਨੇ ਕਿਹਾ ਕਿ ਪਾਣੀ ਦੇ ਮੁੱਖ ਚਾਰ ਸਰੋਤ ਸਨ ਸਮੁੰਦਰੀ ਪਾਣੀ, ਜ਼ਮੀਨੀ ਪਾਣੀ, ਨਹਿਰੀ ਪਾਣੀ ਅਤੇ ਬਰਸਾਤੀ ਪਾਣੀ। ਅਸੀਂ ਸਮੁੰਦਰ ਤੋਂ ਪਾਣੀ ਧਰਤੀ 'ਤੇ ਲਿਆ ਨਹੀਂ ਸਕਦੇ, ਜਿਸ ਦਾ ਸਾਨੂੰ ਬਹੁਤ ਖਰਚਾ ਪੈਂਦਾ ਹੈ। ਇਸ ਲਈ ਜ਼ਮੀਨੀ ਪਾਣੀ ਬਚਾਉਣ ਲਈ ਨਹਿਰੀ ਅਤੇ ਬਰਸਾਤੀ ਪਾਣੀ ਨੂੰ ਵੱਧ ਤੋਂ ਵੱਧ ਵਰਤੋਂ ਵਿਚ ਲਿਆਉਣਾ ਹੋਵੇਗਾ ਅਤੇ ਇਸ ਨੂੰ ਸੰਭਾਲਣਾ ਹੋਵੇਗਾ। ਉਨ੍ਹਾਂ ਕਿਹਾ ਕਿ ਅੱਜ ਜ਼ਮੀਨੀ ਪਾਣੀ ਦਾ ਪੱਧਰ 350 ਤੋਂ 400 ਫੁੱਟ 'ਤੇ ਪਹੁੰਚ ਗਿਆ ਹੈ ਜੋ ਕਿ ਆਉਣ ਵਾਲੇ 10-12 ਸਾਲਾਂ ਵਿਚ ਖਤਮ ਹੋਣ ਜਾ ਰਿਹਾ ਹੈ ਅਤੇ ਇਸ ਤੋਂ ਬਾਅਦ ਅਲਗਾ ਪੱਤਣ 1000 ਫੁੱਟ 'ਤੇ ਹੈ, ਜਿਸ ਨੂੰ ਕੱਢਣ ਲਈ ਘੱਟੋ ਘੱਟ ਇਕ ਟਿਊਬਵੈਲ 'ਤੇ 10 ਲੱਖ ਰੁਪਏ ਖਰਚ ਹੋਇਆ ਕਰਨਗੇ। ਮਿਸ਼ਨ ਵਲੋਂ ਵੱਖ ਵੱਖ ਜਥੇਬੰਦੀਆਂ ਤੋਂ ਜਿਹੜੇ ਸਹਿਯੋਗ ਦੀ ਮੰਗ ਕੀਤੀ ਹੈ ਉਨ੍ਹਾਂ ਵਿਚ ਮਈ ਅਤੇ ਜੂਨ ਦੇ ਮਹੀਨੇ ਵਿਚ ਮੌਸਮ ਖੁਸ਼ਕ ਅਤੇ ਤਪਸ਼ ਵਾਲਾ ਹੁੰਦਾ ਹੈ। ਅਸੀਂ ਜਿਮੀਂਦਾਰ ਭਰਾਵਾਂ ਨੂੰ ਇਹ ਸੁਝਾਅ ਦਿੰਦੇ ਹਾਂ ਕਿ ਝੋਨੇ ਦੀ ਫਸਲ ਦੀ ਬਿਜਾਈ 30 ਜੂਨ ਤੋਂ ਸ਼ੁਰੂ ਕੀਤੀ ਜਾਵੇ। ਝੋਨੇ ਦੀ ਕਿਸਮ ਪੀ. ਆਰ. 126 ਅਤੇ ਪੀ. ਆਰ. 131 ਦੀ ਬਿਜਾਈ ਕੀਤੀ ਜਾਵੇ ਕਿਉਂਕਿ ਇਹ ਕਿਸਮ ਜੁਲਾਈ ਦੇ ਪਹਿਲੇ ਹਫਤੇ ਬੀਜੀ ਜਾਂਦੀ ਹੈ ਅਤੇ ਤਕਰੀਬਨ 90 ਦਿਨਾਂ ਵਿਚ ਫਸਲ ਤਿਆਰ ਹ�ो ਜਾਂਦੀ ਹੈ। ਇਸ ਨਾਲ ਪਾਣੀ ਦੀ ਬਹੁਤ ਬਚਤ ਹੋਵੇਗੀ। ਝੋਨੇ ਦੀ ਸਿੱਧੀ ਬਿਜਾਈ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ ਅਤੇ ਹਰਿਆਣੇ ਵਾਂਗ ਬਾਸਮਤੀ ਦਾ ਰਕਬਾ ਵਧਾਉਣਾ ਚਾਹੀਦਾ ਹੈ। ਕਿਸਾਨ ਭਰਾ ਨਹਿਰੀ ਪਾਣੀ ਦੀ ਬਾਰੀ ਝੋਨੇ ਦੇ ਸੀਜ਼ਨ ਵਿਚ ਕਦੇ ਨਾ ਭੁੱਲਣ ਕਿਉਂਕਿ ਫਸਲ ਲਈ ਨਹਿਰੀ ਪਾਣੀ ਜ਼ਮੀਨੀ ਪਾਣੀ ਨਾਲੋਂ ਵੱਧ ਤਾਕਤਵਰ ਹੁੰਦਾ ਹੈ, ਦੂਜਾ ਸੁਝਾਅ ਕਿਸਾਨ ਭਰਾ ਤਿੰਨ ਫਸਲਾਂ ਦੇ ਚੱਕਰ ਵਿਚ ਹੁਣ ਅਪ੍ਰੈਲ/ਮਈ ਦੇ ਮਹੀਨੇ ਮੱਕੀ ਦੀ ਫਸਲ ਦੀ ਬਿਜਾਈ ਕਰ ਰਹੇ ਹਨ ਜੋ ਕਿ ਜ਼ਮੀਨੀ ਪਾਣੀ ਦੇ ਖਾਤਮੇ ਲਈ ਇਕ ਨਵੀਂ ਸ਼ੁਰੂਆਤ ਹੈ। ਜੇ ਪਿਛਲੇ 100 ਸਾਲਾਂ ਤੋਂ ਦੇਖਿਆ ਜਾਵੇ ਤਾਂ ਸਾਡੇ ਬਜ਼ੁਰਗ ਮਈ/ਜੂਨ ਵਿਚ ਖੇਤ ਖਾਲੀ ਰੱਖਦੇ ਸਨ ਅਤੇ ਜੂਨ ਦੇ ਆਖਰ ਵਿਚ ਝੋਨੇ ਦੀ ਬਿਜਾਈ ਸ਼ੁਰੂ ਹੁੰਦੀ ਸੀ। ਹੁਣ ਜਿਮੀਂਦਾਰਾਂ ਨੇ ਜੇ ਆਪਣੇ ਜ਼ਮੀਨੀ ਪਾਣੀ ਦੇ ਪੱਤਰ ਬਚਾਉਣੇ ਹਨ ਤਾਂ ਇਹ ਮੱਕੀ ਦੀ ਫਸਲ ਬੰਦ ਕਰਨੀ ਹੋਵੇਗੀ ਅਤੇ ਜਿਥੇ ਨਹਿਰੀ ਪਾਣੀ ਹਨ, ਉਥੇ ਮੂੰਗੀ ਦੀ ਫਸਲ ਬੀਜੀ ਜਾ ਸਕਦੀ ਹੈ, ਉਸ ਵਿਚ ਪਾਣੀ ਦੀ ਖਪਤ ਘੱਟ ਹੁੰਦੀ ਹੈ, ਤੀਜਾ ਸੁਝਾਅ ਸਾਨੂੰ ਜ਼ਮੀਨੀ ਪਾਣੀ ਬਚਾਉਣ ਲਈ ਪਿੰਡ ਵਿਚ ਪੰਚਾਇਤਾਂ, ਯੂਥ ਕਲੱਬਾਂ ਅਤੇ ਕਿਸਾਨਾਂ ਨੂੰ ਟੋਬਿਆਂ ਦੀ ਖੁਦਾਈ ਕਰਨੀ ਹੋਵੇਗੀ ਤਾਂ ਕਿ ਬਰਸਾਤੀ ਪਾਣੀ ਨੂੰ ਸੰਭਾਲਿਆ ਜਾਵੇ। ਕਿਸਾਨਾਂ ਨੂੰ ਆਪਣੇ ਖੇਤਾਂ ਵਿਚ ਬਰਸਾਤੀ ਪਾਣੀ ਨੂੰ ਸਟੋਰ ਕਰਨ ਲਈ ਰਾਜਸਥਾਨ ਦੀ ਤਰਜ 'ਤੇ ਟੋਏ ਪੁੱਟਣੇ ਚਾਹੀਦੇ ਹਨ ਤਾਂ ਕਿ ਬਰਸਾਤੀ ਪਾਣੀ ਧਰਤੀ ਵਿਚ ਜਾ ਸਕੇ। ਬਰਸਾਤੀ ਪਾਣੀ ਨੂੰ ਸੀਵਰੇਜ ਵਿਚ ਪਾਉਣ ਦੀ ਬਜਾਏ ਬਰਸਾਤੀ ਬੋਰਾਂ, ਖੂਹਾਂ, ਖੂਹੀਆਂ ਰਾਹੀਂ ਜ਼ਮੀਨ ਵਿਚ ਪਾਉਣਾ ਚਾਹੀਦਾ ਹੈ। ਇਸੇ ਤਰ੍ਹਾਂ ਪੰਚਾਇਤਾਂ ਨੂੰ ਸ਼ਾਮਲਾਟ ਜ਼ਮੀਨਾਂ ਵਿਚ ਬਰਸਾਤੀ ਪਾਣੀ ਸਟੋਰ ਕਰਨ ਲਈ ਟੋਏ ਬਣਾਉਣੇ ਚਾਹੀਦੇ ਹਨ। ਇਸ ਤਰ੍ਹਾਂ ਨਾਲ ਹੜ੍ਹਾਂ ਤੋਂ ਵੀ ਬਚਿਆ ਜਾ ਸਕਦਾ ਹੈ, ਸ਼ਹਿਰਾਂ ਵਿਚ ਵੀ ਘਰਾਂ ਦੇ ਬਰਸਾਤੀ ਪਾਣੀ ਨੂੰ ਸੀਵਰੇਜ ਵਿਚ ਨਾ ਪਾ ਕੇ ਬਰਸਾਤੀ ਬੋਰਾਂ ਰਾਹੀਂ ਜ਼ਮੀਨ ਵਿਚ ਪਾਉਣਾ ਚਾਹੀਦਾ ਹੈ। ਇਸ ਸੰਬੰਧੀ ਸਰਕਾਰ ਨੂੰ ਕਾਨੂੰਨ ਬਣਾਉਣਾ ਚਾਹੀਦਾ ਹੈ।

ਅਜਨਾਲਾ 'ਚ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਨੂੰ ਵੱਡਾ ਝਟਕਾ, ਹਰਿੰਦਰ ਨਿਜ਼ਾਮਪੁਰਾ ਦੀ ਅਗਵਾਈ 'ਚ ਸੈਂਕੜੇ ਪਰਿਵਾਰ 'ਆਪ' ਵਿੱਚ ਸ਼ਾਮਲ

ਅਜਨਾਲਾ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ ਅਜਨਾਲਾ ਦੇ ਨਿਜ਼ਾਮਪੁਰਾ,ਹਰਦੋਪੁਤਲੀ, ਨਵਾਂ ਪਿੰਡ, ਚੱਕ ਸਿੰਕੰਦਰ, ਖ਼ਤਰਾਏ ਕਲਾਂ, ਸੰਗਤਪੁਰਾ, ਗੋਲਡਨ ਕਲੋਨੀ, ਮੱਝੂਪੁਰਾ, ਕੋਟਲਾ ਸਦਰ, ਨਵਾਂਪਿੰਡ ਗੋਲਡਨ ਕਲੋਨੀ ਆਦਿ ਪਿੰਡਾਂ 'ਚ ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੂੰ ਉਸ ਵਕਤ ਵੱਡਾ ਝਟਕਾ ਲੱਗਾ ਜਦੋਂ ਨੌਜਵਾਨ ਆਗੂ ਹਰਿੰਦਰ ਸਿੰਘ ਭੁੱਲਰ ਨਿਜ਼ਾਮਪੁਰਾ,ਨਿਰਮਲ ਸਿੰਘ ਨਿਜ਼ਾਮਪੁਰਾ, ਬਲਜੀਤ ਸਿੰਘ ਮੈਂਬਰ, ਜੋਗਿੰਦਰ ਸਿੰਘ, ਪ੍ਰੀਤਮ ਸਿੰਘ, ਬਾਬਾ ਜਗੀਰ ਸਿੰਘ, ਕੁਲਵੰਤ ਸਿੰਘ ਟੀਟਾ, ਗੁਰਸੇਵਕ ਸਿੰਘ, ਸੰਦੀਪ ਸਿੰਘ, ਸਾਬਕਾ ਸਰਪੰਚ ਕੁਲਵੰਤ ਸਿੰਘ, ਸਾਬਕਾ ਸਰਪੰਚ ਰਜਵੰਤ ਕੌਰ, ਕੁਲਵੰਤ ਸਿੰਘ ਕਾਲੂ, ਬਚਿੱਤਰ ਸਿੰਘ, ਸਾਜਨ ਸਿੰਘ, ਸਰਬਜੀਤ ਸਿੰਘ, ਹਰਦੀਪ ਸਿੰਘ, ਸਲੀਮ, ਜੱਸਾ ਸਿੰਘ, ਲਵਪ੍ਰੀਤ ਸਿੰਘ, ਗੁਰਨਾਮ ਸਿੰਘ, ਪ੍ਰਿੰਸ, ਜਗਤਾਰ ਸਿੰਘ, ਹਰਦੋਪੁਤਲੀ ਤੋਂ ਮਨਜੀਤ ਸਿੰਘ, ਕੁਲਦੀਪ ਸਿੰਘ, ਸਿਮਰਨਜੀਤ ਸਿੰਘ, ਅਮੋਲਕ ਸਿੰਘ, ਕਸ਼ਮੀਰ ਸਿੰਘ ਮੈਂਬਰ, ਅਮਰੀਕ ਸਿੰਘ ਮੈਂਬਰ, ਸੁਖਦੇਵ ਸਿੰਘ, ਲਾਲੀ ਮਸੀਹ, ਗੁਰਸ਼ਰਨ ਸਿੰਘ, ਪ੍ਰਕਾਸ਼ ਸਿੰਘ, ਜੰਗ ਬਹਾਦਰ, ਸਮੇਸ਼ਰ ਸਿੰਘ, ਮਹਿਕਪ੍ਰੀਤ ਸਿੰਘ, ਦਿਲਪ੍ਰਤਾਪ ਸਿੰਘ, ਮਨਦੀਪ ਸਿੰਘ, ਸੋਨੂੰ, ਸੰਬੂ ਮਸ਼ੀਹ, ਕਾਲਾ ਸਿੰਘ, ਰੇਸ਼ਮ ਸਿੰਘ, ਰਣਜੀਤ ਸਿੰਘ, ਮਲਕੀਤ ਸਿੰਘ, ਸੰਗਤਪੁਰਾ ਤੋਂ ਕੁਲਦੀਪ ਸਿੰਘ, ਕਾਬਲ ਸਿੰਘ, ਰਣਬੀਰ ਸਿੰਘ, ਲਖਬੀਰ ਸਿੰਘ, ਤੇਜਿੰਦਰ ਸਿੰਘ, ਰਣਜੀਤ ਸਿੰਘ, ਜਸਪਾਲ ਸਿੰਘ, ਜਗਰੂਪ ਸਿੰਘ, ਸਿਮਰਨ ਸਿੰਘ, ਗੁਰਦਿਆਲ ਸਿੰਘ, ਨਵਾਂਪਿੰਡ ਗੋਲਡਨ ਕਲੋਨੀ ਤੋਂ ਸਾਬਕਾ ਸਰਪੰਚ ਨਰਿੰਦਰ ਸਿੰਘ, ਮੁਖਤਾਰ ਸਿੰਘ, ਹਰਚਰਨ ਸਿੰਘ, ਹਰਪਾਲ ਸਿੰਘ, ਗੁਰਪਾਲ ਸਿੰਘ, ਮਲਕੀਤ ਸਿੰਘ, ਚੱਕ ਸਿਕੰਦਰ ਤੋਂ ਗੁਰਲਾਲ ਸਿੰਘ, ਰਘਬੀਰ ਸਿੰਘ, ਸਵਰਨ ਸਿੰਘ, ਹਰਜਿੰਦਰ ਸਿੰਘ, ਕਮਲਜੀਤ ਸਿੰਘ, ਮੱਝੂਪੁਰਾ ਤੋਂ ਸਾਬਕਾ ਸਰਪੰਚ ਮਨਜਿੰਦਰ ਸਿੰਘ ਮੰਨਾ, ਸਤਨਾਮ ਸਿੰਘ ਮੈਂਬਰ, ਸਰਬਜੀਤ ਸਿੰਘ, ਨਿਰਮਲ ਸਿੰਘ, ਦਵਿੰਦਰ ਸਿੰਘ, ਸੌਂਸਰਾਂ ਤੋਂ ਸੰਤ ਸੌਂਸਰਾਂ, ਖ਼ਤਰਾਏ ਕਲਾਂ ਤੋਂ ਹਰਪ੍ਰੀਤ ਸਿੰਘ, ਬਲਬੀਰ ਸਿੰਘ, ਭਗਵੰਤ ਸਿੰਘ, ਬਖਸ਼ੀਸ਼ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ, ਰੋਮੀ ਪਹਿਲਵਾਨ, ਗੋਲਡਨ ਕਲੋਨੀ ਤੋਂ ਹਰਦੀਪ ਸਿੰਘ, ਗੁਰਦੇਵ ਸਿੰਘ, ਮਹਿੰਦਰ ਕੌਰ, ਮਨਪ੍ਰੀਤ ਕੌਰ, ਕੁਲਦੀਪ ਸਿੰਘ, ਹਰਦੇਵ ਸਿੰਘ, ਬਲਜੀਤ ਸਿੰਘ, ਸੁਖਦੇਵ ਸਿੰਘ, ਮਨਬੀਰ ਸਿੰਘ, ਸੁਖਚੈਨ ਸਿੰਘ, ਬਲਰਾਜ ਸਿੰਘ, ਲਖਵਿੰਦਰ ਸਿੰਘ, ਜਗਦੇਵ ਸਿੰਘ, ਦਰਬਾਰਾ ਸਿੰਘ, ਪਰਮਜੀਤ ਸਿੰਘ, ਜਸਪਾਲ ਸਿੰਘ, ਚਰਨ ਸਿੰਘ, ਕੇਹਰ ਸਿੰਘ, ਜੋਰਾਵਰ ਸਿੰਘ, ਜਸਵੰਤ ਸਿੰਘ, ਸੁਖਰਾਜ ਸਿੰਘ, ਲਵਪ੍ਰੀਤ ਸਿੰਘ ਆਦਿ ਨੇ ਸੈਂਕੜੇ ਪਰਿਵਾਰਾਂ ਸਮੇਤ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ 'ਆਪ' ਦਾ ਪੱਲਾ ਫੜਦਿਆ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ 'ਆਪ' ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨਾਲ ਹੱਥ ਮਿਲਾਇਆ। ਇਸ ਮੌਕੇ ਕੁਲਦੀਪ ਸਿੰਘ ਧਾਲੀਵਾਲ ਨੇ 'ਆਪ' 'ਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਨੂੰ ਜੀ ਆਇਆਂ ਕਿਹਾ ਅਤੇ ਪਾਰਟੀ ਮਫ਼ਰਲ ਪਾ ਸਨਮਾਨਿਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਸਾਰੇ ਪਰਿਵਾਰਾਂ ਨੂੰ ਪੂਰਾ ਮਾਨ ਸਨਮਾਨ ਮਿਲੇਗਾ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਏ ਜਾ ਰਹੇ ਇਤਿਹਾਸਕ ਫ਼ੈਸਲਿਆ ਕਰਕੇ ਹੀ ਪੰਜਾਬ ਦੇ ਲੋਕ 'ਆਪ' 'ਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਸੂਝਵਾਨ ਲੋਕਾਂ ਨੂੰ ਦੇ ਸਹਿਯੋਗ ਨਾਲ ਹੀ ਪੰਜਾਬ ਦੋਬਾਰਾ ਰੰਗਲਾ ਪੰਜਾਬ ਬਣਾਇਆ ਜਾ ਸਕਦਾ ਹੈ। ਧਾਲੀਵਾਲ ਨੇ ਅੱਗੇ ਕਿਹਾ ਕਿ ਹਰਿੰਦਰ ਸਿੰਘ ਭੁੱਲਰ ਨਿਜ਼ਾਮਪੁਰਾ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਪਾਰਟੀ ਨੂੰ ਵੱਡਾ ਬਲ ਮਿਲੇਗਾ। ਇਸ ਮੌਕੇ ਹਰਿੰਦਰ ਸਿੰਘ ਭੁੱਲਰ ਨਿਜ਼ਾਮਪੁਰਾ ਨੇ ਕਿਹਾ ਕਿ ਅੰਮ੍ਰਿਤਸਰ ਤੋਂ ਆਪ ਉਮੀਦਵਾਰ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਜਿੱਤ ਯਕੀਨੀ ਬਣਾਉਣ ਲਈ ਉਹ ਦਿਨ ਰਾਤ ਇੱਕ ਕਰ ਦੇਣਗੇ। ਇਸ ਮੌਕੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਗੁਰਜੰਟ ਸਿੰਘ ਸੋਹੀ, ਅਮਿਤ ਔਲ, ਹਰਮੀਤ ਸਿੰਘ ਲਾਡੀ ਸੰਧੂ, ਸਾਹਿਬ ਸਿੰਘ ਨਿੱਜਰ, ਮਲਕੀਤ ਸਿੰਘ ਸਾਬਕਾ ਸਰਪੰਚ ਨਵਾਂਪਿੰਡ, ਡਾ. ਸੰਦੀਪ ਸਿੰਘ ਲਸ਼ਕਰੀ ਨੰਗਲ, ਕੰਵਲਜੀਤ ਸਿੰਘ ਖ਼ਤਰਾਏ ਕਲਾਂ, ਪਲਵਿੰਦਰ ਸਿੰਘ ਪੱਪੂ ਹਾਜ਼ਰ ਸਨ।

ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਨੇ ਲੋੜਵੰਦ ਮਰੀਜ ਲਈ 31ਵੀਂ ਬਾਰ ਕੀਤਾ ਖੂਨਦਾਨ

ਨਾਭਾ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਭ ਤੋਂ ਵੱਡਾ ਪੁੰਨ ਖੂਨ ਦਾਨ ਕਰਨਾ ਹੈ। ਸਾਨੂੰ ਸਾਰਿਆਂ ਨੂੰ ਖੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਕੀਮਤੀ ਜਾਨਾਂ ਨੂੰ ਨਵਾਂ ਜੀਵਨ

ਦਿੱਤਾ ਜਾ ਸਕੇ ਅਤੇ ਆਪਣੇ ਸਰੀਰ ਦੀਆ ਬਿਮਾਰੀਆਂ ਨੂੰ ਖ਼ਤਮ ਕਰਨ ਦਾ ਸਭ ਤੋ ਵਧੀਆ ਤਰੀਕਾ ਹੈ,ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਹਲਕਾ ਨਾਭਾ ਤੋਂ ਖੂਨ ਦਾਨ ਦੇ ਖੇਤਰ ਵਿੱਚ ਮੋਹਰੀ ਸੰਸਥਾ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਖੂਨਦਾਨੀ ਸਟੇਟ ਅਵਾਰਡੀ ਨੇ 31 ਵੀ ਬਾਰ ਖੂਨਦਾਨ ਕੀਤਾ,ਉਨ੍ਹਾਂ ਕਿਹਾ ਕਿ ਲੱਗਭੱਗ ਹਰੇਕ ਵਿਅਕਤੀ ਖੂਨਦਾਨ ਕਰ ਸਕਦਾ ਹੈ,ਖੂਨਦਾਨ ਕਰਨ ਨਾਲ ਸਰੀਰ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮਜ਼ੋਰੀ ਨਹੀਂ ਹੁੰਦੀ,ਇਸ ਤਰਾਂ ਦੇ ਗਲਤ ਪ੍ਰਚਾਰ ਤੋ ਬੱਚਿਆਂ ਜਾਏ,ਸਗੋਂ ਖੂਨ ਦਾਨ ਕਰਨ ਨਾਲ ਸਰੀਰ ਵਿੱਚ ਨਵੇਂ ਲਾਲ ਸੈੱਲ ਬਣਦੇ ਹਨ। ਜਿਸ ਨਾਲ ਮਨੁੱਖ ਤੰਦਰੁਸਤ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਆਦਮੀ ਤਿੰਨ ਮਹੀਨੇ ਵਿੱਚ ਇੱਕ ਬਾਰ ਅਤੇ ਲੇਡੀਜ਼ ਚਾਰ ਮਹੀਨੇ ਵਿੱਚ ਇੱਕ ਵਾਰ ਖ਼ੂਨਦਾਨ ਕਰ ਸਕਦੀਆ ਹਨ,ਖ਼ੂਨ ਦਾਨ ਕਰ ਕੇ ਅਨੇਕਾਂ ਅਨਮੋਲ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਹਨਾ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਕਿਸੇ ਵੀ ਖਾਸ ਦਿਨ ਮੌਕੇ ਖੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ। ਖੂਨਦਾਨ ਕਰਨ ਨਾਲ ਆਪਣੇ ਦਿਲ ਨੂੰ ਬਹੁਤ ਸਕੂਨ ਮਿਲਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਸਾਡੀ ਸੰਸਥਾ ਰਾਹੀ ਬਿਨਾਂ ਕੈਂਪ ਤੋ ਹਮੇਸ਼ਾ ਲੋੜਵੰਦ ਮਰੀਜਾ ਲਈ ਮੌਕੇ ਤੇ ਖੂਨ ਦਾਨ ਕਰਵਾਇਆ ਜਾਂਦਾ ਹੈ ਸਾਡੀ ਸੰਸਥਾ ਵੱਲੋ ਕਦੇ ਵੀ ਕੈਂਪ ਨਹੀਂ ਲਗਾਇਆ ਜਾਂਦਾ, ਪੱਕੇ ਖੂਨ ਦਾਨੀਆਂ ਵਿੱਚ ਹਰੇਕ 3 ਮਹੀਨੇ ਬਾਅਦ ਖੂਨ ਦਾਨ ਕਰਨ ਦਾ ਵੱਡਾ ਉਤਸ਼ਾਹ ਪਾਇਆ ਜਾਂਦਾ ਹੈ, ਅਸੀਂ ਪੰਜਾਬ ਸਰਕਾਰ ਨੂੰ ਬੇਨਤੀ ਵੀ ਕਰਦੇ ਹਾ ਕਿ ਖੂਨ ਦਾਨ ਪ੍ਰਤੀ ਜਾਗਰੂਕ ਕਰਨ ਲਈ ਖੂਨਦਾਨ ਜਾਗਰੂਕ ਵੈਨ ਵੀ ਚਲਾਈ ਜਾਏ, ਇਸ ਜਾਗਰੂਕ ਮੁਹਿੰਮ ਵਿੱਚ ਅਸੀਂ ਪੂਰੇ ਪੰਜਾਬ ਵਿੱਚ ਆਪਣਾ ਵੱਡਮੂਲਾਂ ਯੋਗਦਾਨ ਵੀ ਪਾਵਾਗੇ, ਸਾਡੀ ਸੋਸਾਇਟੀ ਖੂਨ ਦਾਨ ਦੇ ਨਾਲ ਗਊ ਸੇਵਾ ਵੀ ਵਧੀਆ ਰੂਪ ਵਿੱਚ ਕਰਦੀ ਹੈ ਜਿਸ ਤਰਾਂ ਕੋਈ ਗਊ ਮਾਤਾ ਅਚਨਚੇਤ ਨਾਲ਼ੇ ਵਿੱਚ ਗਿਰ ਜਾਏ ਜਾ ਕੋਈ ਸੱਟ ਲੱਗ ਜਾਏ ਉਸਦਾ ਇਲਾਜ ਵੀ ਮੌਕੇ ਤੇ ਕਰਵਾਇਆ ਜਾਂਦਾ ਹੈ ਉਸ ਮੌਕੇ ਉਹਨਾਂ ਨਾਲ ਚੇਅਰਮੈਨ ਜਿਪਸੀ ਬਾਂਸਲ, ਸਰਪ੍ਰਸਤ ਸੰਜੀਵ ਗਰਗ,ਸਰਪ੍ਰਸਤ ਗੌਰਵ ਗੁਪਤਾ ਟੋਨੀ ਉਘੇ ਸਮਾਜ ਸੇਵਕ ਵੀ ਹਾਜਰ ਸਨ

ਐਨ ਕੇ ਸ਼ਰਮਾ ਦੇ ਹੱਕ 'ਚ ਅਬਲੋਵਾਲ 'ਚ ਵਿਸ਼ਾਲ ਰੈਲੀ

ਮੇਰੇ ਵਿਰੋਧੀਆਂ

ਰਾਗ ਨਾਦ ਸਬਦਿ ਸੋਹਲੇ 14

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 14ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਤਿਲੰਗ' ਬਾਰੇ...



ਰਾਗ ਤਿਲੰਗ

ਰਾਗ ਤਿਲੰਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਗੁਰੂ ਅਰਜਨ ਦੇਵ ਜੀ ਮਾਹਾਰਾਜ ਵੱਲੋਂ ਚੌਦਵੇਂ ਸਥਾਨ 'ਤੇ ਸ਼ਾਮਲ ਕੀਤਾ ਗਿਆ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 721 ਤੋਂ 727 ਤਕ ਦਰਜ ਹੈ। ਕੇਵਲ ਸੱਤ ਪੰਨਿਆਂ 'ਤੇ ਦਰਜ ਰਾਗ ਤਿਲੰਗ ਦੀ ਮਕਬੂਲੀਅਤ ਦੀ ਗੱਲ ਕਰੀਏ ਤਾਂ ਇਤਿਹਾਸਕ ਪੱਖ ਤੋਂ ਗੁਰੂ ਨਾਨਕ ਦੇਵ ਜੀ ਦਾ ਇਸ ਰਾਗ ਅਧੀਨ ਉਚਾਰਨ ਕੀਤਾ ਹੋਇਆ ਸ਼ਬਦ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮ ਧਰਮ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥' ਸਿੱਖ ਸੰਗਤਾਂ ਨੂੰ ਮੂੰਹ-ਜ਼ੁਬਾਨੀ ਯਾਦ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਐਮਨਾਬਾਦ ਉੱਪਰ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਕੀਤੀ ਗਈ ਲੁੱਟ-ਖਸੁੱਟ, ਕਤਲੇਆਮ ਅਤੇ ਲੋਕਾਂ ਉੱਪਰ ਹੋਏ ਅੱਤਿਆਚਾਰ ਦਾ ਜ਼ਿਕਰ ਕੀਤਾ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਇਸ ਤੋਂ ਇਲਾਵਾ ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਸੁਸ਼ੋਭਿਤ ਹੈ। ਰਾਗ ਤਿਲੰਗ ਦੇ ਅੰਤਰਗਤ 'ਤਿਲੰਗ ਕਾਫੀ' ਸਿਰਲੇਖ ਹੇਠ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਰਾਗ ਤਿਲੰਗ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਚ ਰਾਤ ਦੇ ਦੂਜੇ ਪਹਿਰ ਸਮੇਂ ਗਾਏ ਜਾਣ ਵਾਲੇ ਰਾਗਾਂ ਵਿੱਚੋਂ ਇਕ ਅਹਿਮ ਰਾਗ ਹੈ। ਕੁਝ ਸਿੱਖ ਸੰਗੀਤਕਾਰ ਇਸ ਰਾਗ ਦਾ ਗਾਇਨ ਦਿਨ ਦੇ ਤੀਜੇ ਪਹਿਰ ਵੀ ਕਰਦੇ ਹਨ। ਇਹ ਮਧੁਰ ਅਤੇ ਸਰਲ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਹ ਰਾਗ ਲੋਕ ਸੰਗੀਤ ਪਰੰਪਰਾ ਵਿਚ ਵੀ ਪ੍ਰਸਿੱਧ ਰਾਗ ਹੈ। ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਦੇ ਪੰਨਾ ਨੰਬਰ 593 ਅਨੁਸਾਰ, 'ਇਹ ਬਿਲਾਵਲ ਥਾਟ ਦਾ ਇਕ ਔੜਵ ਰਾਗ ਹੈ। ਇਸ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ, ਬਾਕੀ ਸਾਰੇ ਸੁਰ ਸ਼ੁੱਧ ਹਨ। ਨਿਸ਼ਾਦ ਅਤੇ ਪੰਚਮ ਦੀ ਇਸ ਵਿਚ ਸੰਗਤ ਹੈ। ਵਾਦੀ ਸੁਰ ਗੰਧਾਰ ਅਤੇ ਨਿਸ਼ਾਦ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ।' •

98150-24920

ਗੁਰੂ ਹਰਿਗੋਬਿੰਦ ਸਾਹਿਬ ਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰ ਕੇ ਹਾਕਮਾਂ ਨੂੰ ਵੰਗਾਰਿਆਂ...

ਛਠਮ ਪੀਰ ਬੈਠਾ ਗੁਰ ਭਾਰੀ

ਧਰਮਿੰਦਰ ਸਿੰਘ ਚੱਬਾ

ਸੰਨ 1581 ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਜਦ ਗੁਰਗੱਦੀ 'ਤੇ ਬਿਰਾਜ਼ਮਾਨ ਹੋਏ ਤਾਂ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਬੁਰਾ ਮਨਾਇਆ ਤੇ ਘਰ ਵੱਡਾ ਹੋਣ ਦੇ ਨਾਤੇ ਗੁਰਗੱਦੀ 'ਤੇ ਆਪਣਾ ਹੱਕ ਜਤਾਇਆ। ਕੋਈ ਚਾਰਾ ਨਾ ਚੱਲਦਾ ਵੇਖ ਕੇ ਪ੍ਰਿਥੀ ਚੰਦ ਇਹ ਸੋਚਦਾ ਕਿ ਚਲੋ ਕੋਈ ਗੱਲ ਨਹੀ, ਗੁਰੂ ਅਰਜਨ ਦੇਵ ਜੀ ਦੇ ਘਰ ਸ਼ਾਦੀ ਤੋਂ 14 ਸਾਲ ਬਾਅਦ ਵੀ ਕੋਈ ਬੱਚਾ ਨਹੀ ਹੋਇਆ ਤੇ ਨਾ ਹੀ ਹੋਏਗਾ। ਗੁਰੂ ਅਰਜਨ ਦੇਵ ਜੀ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੂੰ ਆਪਣੇ ਨਾਲ ਰੱਖਦੇ ਸਨ। ਇਸ ਗੱਲ ਨੂੰ ਲੈ ਕੇ ਪ੍ਰਿਥੀ ਚੰਦ ਮਨ ਹੀ ਮਨ ਖ਼ੁਸ਼ ਹੋ ਲੈਂਦਾ ਸੀ ਕਿ ਗੱਦੀ ਦੇ ਮਾਲਕ ਤਾਂ ਅਸੀਂ ਹੀ ਹਾਂ।

ਉੱਧਰ ਮਾਤਾ ਗੰਗਾ ਜੀ ਦਰਾਣੀਆਂ-ਜੇਠਾਣੀਆਂ ਤੇ ਲੋਕਾਂ ਦੇ ਤਾਅਨੇ-ਮਿਹਣੇ ਸੁਣ ਕੇ ਤੰਗ ਆ ਚੁੱਕੇ ਸਨ। ਗੁਰੂ ਅਰਜਨ ਦੇਵ ਜੀ ਦੇ ਕਹਿਣ ਤੇ ਮਾਤਾ ਗੰਗਾ ਜੀ ਇਕ ਦਿਨ ਅੰਮ੍ਰਿਤਸਰ ਤੋਂ 9-10 ਮੀਲ ਦੂਰ ਬੀੜ ਸਾਹਿਬ ਬਾਬਾ ਬੁੱਢਾ ਜੀ ਕੋਲ ਪੁੱਤਰ ਦਾ ਵਰ ਪ੍ਰਾਪਤ ਕਰਨ ਲਈ ਗਏ ਤਾਂ ਬਾਬਾ ਬੁੱਢਾ ਜੀ ਨੇ ਪੁੱਤਰ ਦਾ ਵਰ ਦਿੰਦਿਆਂ ਕਿਹਾ ਕਿ **'ਤੁਮਰੇ ਗ੍ਰਹਿ ਪ੍ਰਗਟੇਗਾ ਜੋਧਾ, ਜਾ ਕੋ ਬਲ ਗੁਨ ਕਿਨਹੂੰ ਨਾ ਸੋਧਾ।'** ਬਾਬਾ ਬੁੱਢਾ ਜੀ ਦੇ ਵਰ ਨਾਲ 5 ਜੁਲਾਈ 1595 ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਗੁਰੂ ਕੀ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਇਸ ਖ਼ੁਸ਼ੀ ਵਿਚ ਗੁਰੂ ਪਿਤਾ ਜੀ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ, ਜੋ ਅੱਜ ਕੱਲ੍ਹ ਗੁਰਦੁਆਰਾ ਛੇਹਰਟਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪ੍ਰਿਥੀ ਚੰਦ ਨੇ ਕਈ ਵਾਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾਰਨ ਦੀਆਂ ਚਾਲਾਂ ਚੱਲੀਆਂ ਪਰ ਕਾਮਯਾਬ ਨਾ ਹੋ ਸਕਿਆ। ਜਦ 16 ਜੂਨ 1606 ਨੂੰ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ ਤਾਂ ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਉਮਰ 11 ਸਾਲ ਸੀ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ 48ਵੀਂ ਪਉੜੀ ਵਿਚ ਫੁਰਮਾਇਆ ਹੈ :

ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ।।
ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।।

ਇਤਿਹਾਸ 'ਚ ਆਪ ਜੀ ਦੇ ਤਿੰਨ ਵਿਆਹਾਂ ਦਾ ਜ਼ਿਕਰ ਆਉਂਦਾ ਹੈ। ਆਪ ਦਾ ਪਹਿਲਾ ਵਿਆਹ ਡੱਲਾ ਨਿਵਾਸੀ ਸ੍ਰੀ ਨਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ (1608 ਈਸਵੀ) ਨੂੰ ਹੋਇਆ, ਜਿਨ੍ਹਾਂ ਦੇ ਉਦਰ ਤੋਂ ਬਾਬਾ ਗੁਰਦਿੱਤਾ ਜੀ (1613 ਈਸਵੀ), ਬੀਬੀ ਵੀਰੋ ਜੀ (1615 ਈਸਵੀ) ਤੇ ਅਣੀ ਰਾਏ ਜੀ (1618 ਈਸਵੀ) ਨੂੰ ਪੈਦਾ ਹੋਏ।

ਦੂਜਾ ਵਿਆਹ ਬਾਬਾ ਬਕਾਲਾ ਨਿਵਾਸੀ ਸ੍ਰੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ 1613 ਈਸਵੀ 'ਚ ਹੋਇਆ, ਜਿਨ੍ਹਾਂ ਦੇ ਉਦਰ ਤੋਂ 1619 ਵਿਚ ਬਾਬਾ ਅਟੱਲ ਰਾਏ ਜੀ ਤੇ 1621 ਈਸਵੀ 'ਚ ਤੇਗ ਬਹਾਦਰ ਜੀ ਪੈਦਾ ਹੋਏ। ਤੀਜਾ ਵਿਆਹ ਮੰਡਿਆਲੀ ਵਾਸੀ ਸ੍ਰੀ ਦਇਆ ਰਾਮ ਦੀ ਸਪੁੱਤਰੀ ਮਹਾਂਦੇਵੀ ਜੀ ਨਾਲ 1615 ਨੂੰ ਹੋਇਆ, ਜਿਨ੍ਹਾਂ ਦੇ ਉਦਰ ਤੋਂ 1617 ਵਿਚ ਸੂਰਜ ਮੱਲ ਪੈਦਾ ਹੋਏ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ, ਸਿਰ 'ਤੇ ਕਲਗੀ ਸਜਾਈ। ਆਪ ਨੇ ਸੰਗਤਾਂ ਨੂੰ ਰੁਪਏ-ਪੈਸੇ ਦੀ ਜਗ੍ਹਾ ਗੁਰੂ ਘਰ ਲਈ ਸ਼ਸਤਰ ਤੇ ਘੋੜੇ ਭੇਟਾ ਲਿਆਉਣ ਦਾ ਆਦੇਸ਼ ਕੀਤਾ। ਆਪ ਨੇ 1609 ਵਿਚ ਸ੍ਰੀ ਅਕਾਲ ਬੁੰਗੇ ਦੀ ਨੀਂਹ ਰੱਖੀ, ਜਿਹੜਾ ਕਿ ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਜੀ ਨੇ ਆਪਣੇ ਪਿਆਰੇ ਸਿੱਖਾਂ 'ਚ ਜੋਸ਼ ਭਰਨ ਲਈ ਢਾਡੀਆਂ ਦੁਆਰਾ ਵਾਰਾਂ ਦਾ ਗਾਇਨ ਆਰੰਭ ਕਰਵਾਇਆ।

ਗੁਰੂ ਸਾਹਿਬ ਨੇ ਜੀਵਨ ਕਾਲ 'ਚ ਚਾਰ ਜੰਗਾਂ ਲੜੀਆਂ ਤੇ ਚਾਰਾਂ 'ਚ ਜਿੱਤ ਹਾਸਲ ਕੀਤੀ। ਪਹਿਲੀ ਜੰਗ 1629 ਵਿਚ ਕਿਲ੍ਹਾ ਲੋਹਗੜ੍ਹ ਵਿਖੇ ਮੁਗ਼ਲਾਂ ਨਾਲ ਹੋਈ। ਬਾਦਸ਼ਾਹ ਸ਼ਾਹਜਹਾਨ ਦੇ ਚਿੱਟੇ ਬਾਜ਼ ਨੂੰ ਸਿੱਖਾਂ ਨੇ ਫੜ ਲਿਆ ਤਾਂ ਬਾਦਸ਼ਾਹ ਨੇ ਮੀਰ ਸ਼ਿਕਾਰੀ ਨੂੰ ਬਾਜ਼ ਲੈਣ ਲਈ ਭੇਜਿਆ ਤਾਂ ਸਿੱਖਾਂ ਨੇ ਬਾਜ਼ ਦੇਣ ਤੋਂ ਨਾਂਹ ਕਰ ਦਿੱਤੀ। ਬਾਦਸ਼ਾਹ ਨੇ ਮੁਖਲਿਸ ਖ਼ਾਂ ਨੂੰ 7,000 ਦੀ ਫ਼ੌਜ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ 'ਤੇ ਚੜ੍ਹਾਈ ਕਰਨ ਲਈ ਭੇਜਿਆ। ਗੁਰੂ ਜੀ ਦਾ ਤੁਰਕਾਂ ਨਾਲ ਭਾਰੀ ਯੁੱਧ ਹੋਇਆ ਤੇ ਆਖ਼ਰ ਪਿੰਡ ਚੱਬੇ ਦੇ ਮੈਦਾਨ 'ਚ ਸ੍ਰੀ ਸੰਗਰਾਣਾ ਸਾਹਿਬ, ਚੱਬਾ ਵਿਖੇ ਜਿੱਤ ਦਾ ਪਰਚਮ ਲਹਿਰਾਇਆ। ਦੂਜਾ ਯੁੱਧ 1630 'ਚ ਹਰਿਗੋਬਿੰਦਪੁਰ ਵਿਖੇ, ਤੀਜਾ ਯੁੱਧ 1632 ਨੂੰ ਲਾਹੌਰ ਦੇ ਸੂਬੇਦਾਰ ਨਾਲ ਹੋਇਆ। ਚੌਥਾ ਯੁੱਧ 1634 ਨੂੰ ਕਾਲੇ ਖ਼ਾਂ ਨਾਲ ਹੋਇਆ। ਇਸ ਯੁੱਧ 'ਚ ਬਾਬਾ ਗੁਰਦਿੱਤਾ ਜੀ ਤੇ ਗੁਰੂ ਤੇਗ਼ ਬਹਾਦਰ ਜੀ ਨੇ ਵੀ ਤਲਵਾਰ ਦੇ ਜੌਹਰ ਵਿਖਾਏ। ਇਸ ਸਮੇਂ ਇਨ੍ਹਾਂ ਦੀ ਉਮਰ ਮਹਿਜ਼ 14 ਸਾਲ ਸੀ।

ਗੁਰੂ ਜੀ ਦੀ ਚੜ੍ਹਤ ਵੇਖ ਕੇ ਗੁਰੂ ਘਰ ਦੇ ਵਿਰੋਧੀਆਂ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਤੇ ਹਾਕਮਾਂ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਵੱਡੇ-ਵਡੇਰਿਆਂ ਦੀ ਮਰਿਆਦਾ ਨੂੰ ਛੱਡ ਕੇ ਧਾੜਵੀਆਂ ਵਾਲਾ ਰੁਖ਼ ਅਪਣਾ ਲਿਆ ਹੈ। ਗੁਰੂ ਘਰ ਦੇ ਵਿਰੋਧੀਆਂ ਦੀ ਇਹ ਸੋਚ ਰਹੀ ਸੀ ਕਿ ਗੁਰੂ ਘਰ ਨੂੰ ਦਬਾ ਕੇ ਰੱਖਿਆ ਜਾਵੇ ਤਾਂ ਕਿ ਇਹ ਸਰਕਾਰ ਵਿਰੁੱਧ ਬਗ਼ਾਵਤ ਨਾ ਕਰ ਸਕੇ। ਇਸੇ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਵੀ ਕੈਦ ਹੋਣਾ ਪਿਆ। ਜਦੋਂ ਸਾਈਂ ਮੀਆਂ ਮੀਰ ਜੀ ਨੇ ਬਾਦਸ਼ਾਹ ਨੂੰ ਸਾਰੀ ਗੱਲ ਸਮਝਾਈ ਤਾਂ ਗੁਰੂ ਸਾਹਿਬ ਦੀ ਰਿਹਾਈ ਸੰਭਵ ਹੋਈ ਤੇ ਗੁਰੂ ਜੀ ਨੇ ਹੋਰ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਰਿਹਾਅ ਕਰਵਾਇਆ। ਗੁਰੂ ਜੀ ਤੇ ਬਾਦਸ਼ਾਹ ਦੇ ਸਬੰਧਾਂ ਵਿਚ ਮਿਠਾਸ ਆਈ। ਇਸੇ ਕਰਕੇ ਗੁਰੂ ਘਰ ਦੇ ਦੋਖੀ ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ ਗਿਆ ਤਾਂ ਸਿੱਖਾਂ ਨੇ ਉਸ ਨੂੰ ਨਕੇਲ ਪਾ ਕੇ ਸ਼ਹਿਰ ਵਿਚ ਘੁਮਾਇਆ ਤੇ ਉਸ ਦਾ ਬਹੁਤ ਬੁਰਾ ਅੰਤ ਹੋਇਆ।

ਗੁਰੂ ਘਰ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਹਿੰਦੂ-ਮੁਸਲਮਾਨ ਵੀ ਗੁਰੂ ਘਰ ਦੇ ਉਪਾਸ਼ਕ ਬਣਨ ਲੱਗੇ, ਜੋ ਗੁਰੂ ਘਰ ਦੇ ਦੋਖੀਆਂ ਲਈ ਖ਼ਤਰੇ ਦੀ ਘੰਟੀ ਸੀ। ਗੁਰੂ ਸਾਹਿਬ ਆਪਣੇ ਭਗਤਾਂ ਦਾ ਦਿਲੋਂ ਸਤਿਕਾਰ ਕਰਦੇ ਸਨ। ਜੰਗਾਂ ਯੁੱਧਾਂ ਵਿਚ ਸ਼ਹੀਦ ਹੋਏ ਸਿੱਖਾਂ ਅਤੇ ਮੁਸਲਮਾਨਾਂ ਦੇ ਸਰੀਰ ਉਨ੍ਹਾਂ ਦੇ ਅਕੀਦੇ ਮੁਤਾਬਿਕ ਅੰਤਿਮ ਸਸਕਾਰ ਕੀਤੇ ਜਾਂਦੇ ਸਨ। ਦੁਸ਼ਮਣਾਂ ਦੀਆਂ ਲੋਥਾਂ ਨੂੰ ਵੀ ਅਕੀਦੇ ਅਨੁਸਾਰ ਦਫ਼ਨਾ ਦਿੱਤਾ ਜਾਂਦਾ ਸੀ। ਗੁਰੂ ਜੀ ਦੇ ਮਨ ਵਿਚ ਕਿਸੇ ਪ੍ਰਤੀ ਕੋਈ ਗਿਲਾ ਨਹੀ ਸੀ। ਜੋ ਵੀ ਸ਼ਰਧਾ ਭਾਵਨਾ ਨਾਲ ਗੁਰੂ ਜੀ ਦੇ ਚਰਨਾਂ ਦਾ ਮੁਰੀਦ ਬਣ ਕੇ ਆਇਆ, ਗੁਰੂ ਜੀ ਵੀ ਹਮੇਸ਼ਾ-ਹਮੇਸ਼ਾ ਲਈ ਉਸ ਦੇ ਹੋ ਕੇ ਰਹਿ ਗਏ। ਕਿਹਾ ਜਾਂਦਾ ਹੈ ਕਿ ਬੀਬੀ ਕੌਲਾਂ ਜੀ ਇਕ ਕਾਜ਼ੀ ਦੀ ਬੇਟੀ ਸੀ ਅਤੇ ਗੁਰੂ ਘਰ ਦੀ ਸ਼ਰਧਾਲੂ ਸੀ। ਕਾਜ਼ੀ ਨੇ ਸ਼ਰ੍ਹਾ ਵਿਚ ਈਮਾਨ ਰੱਖਦੇ ਹੋਏ ਹੋਰ ਕਾਜ਼ੀਆਂ ਨਾਲ ਮਿਲ ਕੇ ਆਪਣੀ ਬੇਟੀ ਦੇ ਖ਼ਿਲਾਫ਼ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਜਦੋਂ ਇਸ ਗੱਲ ਦਾ ਪਤਾ ਸਾਈਂ ਮੀਆਂ ਮੀਰ ਜੀ ਨੂੰ ਲੱਗਾ ਤਾਂ ਉਹ ਬੀਬੀ ਕੌਲਾਂ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੋਲ ਲੈ ਆਏ। ਉਸ ਤੋਂ ਬਾਅਦ ਬੀਬੀ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਘਰ ਦੇ ਲੇਖੇ ਲਾ ਦਿੱਤਾ। ਗੁਰੂ ਜੀ ਨੇ ਵੀ ਬੀਬੀ ਜੀ ਨੂੰ ਸਦੀਵੀ ਤੌਰ 'ਤੇ ਜਿਊਂਦਾ ਰੱਖਣ ਲਈ ਇਕ ਸਰੋਵਰ ਦੀ ਉਸਾਰੀ ਕਰਵਾਈ, ਜਿਸ ਦਾ ਨਾਂ 'ਕੌਲਸਰ' ਰੱਖਿਆ ਗਿਆ। ਗੁਰੂ ਜੀ ਨੇ ਜਗਤ ਨੂੰ ਸੰਦੇਸ਼ ਦਿੱਤਾ ਕਿ ਜ਼ੁਲਮ ਨਹੀ ਕਰਨਾ ਤੇ ਨਾ ਹੀ ਸਹਿਣਾ ਹੈ, ਵੰਡ ਕੇ ਛਕਣਾ, ਹੱਥੀਂ ਕਿਰਤ ਕਰਨ ਨੂੰ ਪਹਿਲ ਦਿੱਤੀ, ਦੀਨ ਦੁਖੀਆਂ ਦੀ ਸੇਵਾ ਕਰਨੀ, ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿੱਚੋਂ ਗੁਰੂ ਘਰ ਲਈ ਦਸਵੰਧ ਕੱਢਣਾ, ਨਾਮ ਜਪਣਾ, ਨਾਮ ਜਪਾਉਣਾ ਤੇ ਸਦਾ ਮਾਲਕ ਦੇ ਭਾਣੇ ਵਿੱਚ ਰਹਿਣਾ। •

ਅਣਦੇਖੀ ਦੀ ਸ਼ਿਕਾਰ ਹੈ ਮੁਗ਼ਲ ਕਾਲ ਦੀ ਈਦਗਾਹ

ਪ੍ਰੋ. ਮਨਪ੍ਰੀਤ ਗੋਰਾਇਆ

ਹਲਕਾ ਦੀਨਾਨਗਰ ਅਧੀਨ ਪਿੰਡ ਮਛਰਾਲਾ ਨੇੜੇ ਸਥਿਤ ਮੁਗ਼ਲ ਕਾਲ ਦੀ ਉੱਤਮ ਕਲਾ ਤੇ ਕਾਰੀਗਰੀ ਦੇ ਸੁਮੇਲ ਦਾ ਨਮੂਨਾ ਪੇਸ਼ ਕਰਦੀ ਈਦਗਾਹ ਦੀ ਹੋਂਦ ਸਾਂਭ-ਸੰਭਾਲ ਦੀ ਅਣਹੋਂਦ ਕਾਰਨ ਖ਼ਤਮ ਹੋਣ ਕੰਢੇ ਹੈ। ਪੁਰਾਤਨ ਕਲਾ ਤੇ ਕਾਰੀਗਰੀ ਨੂੰ ਇਕ ਨਮੂਨੇ ਵਜੋਂ ਸੁਰਜੀਤ ਰੱਖਣ ਲਈ ਈਦਗਾਹ ਭਾਰਤ ਸਰਕਾਰ ਦੇ ਪੁਰਾਤਤਵ ਵਿਭਾਗ ਤੋਂ ਤਵੱਜੋ ਦੇਣ ਦੀ ਮੰਗ ਕਰਦੀ ਹੈ।

ਇਕੱਤਰ ਕੀਤੀ ਜਾਣਕਾਰੀ ਅਨੁਸਾਰ ਇਸ ਈਦਗਾਹ ਦਾ ਨਿਰਮਾਣ ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ ਦੌਰਾਨ ਉਸ ਦੇ ਸਰਪ੍ਰਸਤ ਤੇ ਸੈਨਾਪਤੀ ਬੈਰਮ ਖ਼ਾਂ ਨੇ ਇਲਾਕੇ ਦੇ ਦਰਜਨਾਂ ਪਿੰਡਾਂ ਦੇ ਵਿਚਕਾਰ ਪੈਂਦੀ ਜਗ੍ਹਾ 'ਤੇ ਕਰਵਾਇਆ ਸੀ। ਈਦਗਾਹ ਦੀ ਵਿਸ਼ਾਲ ਕੰਧ ਦੇ ਨਿਰਮਾਣ 'ਚ ਛੋਟੀਆਂ ਨਾਨਕਸ਼ਾਹੀ ਇੱਟਾਂ ਦੀ ਵਰਤੋਂ ਕੀਤੀ ਗਈ ਹੈ। ਕੰਧ ਦੇ ਅੱਗੇ ਇਕ ਵੱਡੇ ਥੜ੍ਹੇ ਦਾ ਵੀ ਨਿਰਮਾਣ ਕਰਵਾਇਆ ਗਿਆ ਸੀ। ਈਦਗਾਹ ਤਕ ਜਾਣ ਲਈ ਕਸਬਾ ਬਹਿਰਾਮਪ

‘ਕਾਂਗਰਸ ਦੀ ਕਮਜ਼ੋਰ ਸਰਕਾਰ ਨੇ ਦੇਸ਼ ਨੂੰ ਨਕਸਲਵਾਦ ਦੀ ਅੱਗ ’ਚ ਸੁੱਟ ਦਿੱਤਾ’ : ਮੋਦੀ

ਕੋਡਰਮਾ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਯਾਨੀ ਮੰਗਲਵਾਰ ਨੂੰ ਝਾਰਖੰਡ ਦੇ ਕੋਡਰਮਾ ’ਚ ਇਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ’ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਕੋਡਰਮਾ ਅਤੇ ਖੇਤਰ ਦੇ ਲੋਕਾਂ ਨੇ ਦਹਾਕਿਆਂ ਤੋਂ ਕਮਜ਼ੋਰ ਸਰਕਾਰ ਦਾ ਰਵੱਈਆ ਦੇਖਿਆ ਹੈ।

ਕਾਂਗਰਸ ਦੀ ਕਮਜ਼ੋਰ ਸਰਕਾਰ ਨੇ ਦੇਸ਼ ਨੂੰ ਨਕਸਲਵਾਦ ਦੀ ਅੱਗ ਵਿੱਚ ਸੁੱਟ ਦਿੱਤਾ। ਨਕਸਲਵਾਦ ਨੇ ਦੇਸ਼ ਦਾ ਨੁਕਸਾਨ ਕੀਤਾ ਅਤੇ ਦੇਸ਼ ਦੀਆਂ ਕਈ ਮਾਵਾਂ ਦੇ ਸੁਪਨਿਆਂ ਨੂੰ ਕੁਚਲ ਦਿੱਤਾ।

ਪੀ.ਐੱਮ. ਮੋਦੀ ਨੇ ਕਿਹਾ ਕਿ ਜਿਹੜੇ ਪੁੱਤਰ ਨਕਸਲਵਾਦ ਦੇ ਰਾਹ ’ਤੇ ਚੱਲ ਰਹੇ ਸਨ ਅਤੇ ਬੰਦੂਕ ਚੁੱਕ ਰਹੇ ਸਨ, ਉਨ੍ਹਾਂ ਨੇ ਮਾਂ ਨੂੰ ਸਾਰੀ ਉਮਰ ਰੋਣ ਲਈ ਮਜਬੂਰ ਕੀਤਾ। ਮੈਂ ਕੋਡਰਮਾ ਦੀ ਧਰਤੀ ਤੋਂ ਇਹ ਗਾਰੰਟੀ ਦੇ ਰਿਹਾ ਹਾਂ, ਚਾਹੇ ਉਹ ਅੱਤਵਾਦ ਹੋਵੇ ਜਾਂ ਨਕਸਲਵਾਦ, ਮੋਦੀ ਨੇ ਆਪਣੇ ਤੀਜੇ ਕਾਰਜਕਾਲ ਵਿੱਚ ਉਨ੍ਹਾਂ ’ਤੇ ਵੱਡਾ ਹਮਲਾ ਕਰਨ ਦਾ ਸੰਕਲਪ ਲਿਆ ਹੈ। ਮੋਦੀ ਝਾਰਖੰਡ ਨੂੰ ਮੁੜ ਨਕਸਲਵਾਦ ਦਾ ਗੜ੍ਹ ਨਹੀਂ ਬਣਨ ਦੇਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ

ਸ੍ਰੀਨਗਰ ਵਿੱਚ ਕੱਲ੍ਹ ਹੋਈ ਵੋਟਿੰਗ ਵਿੱਚ ਲੋਕਤੰਤਰ ਪ੍ਰਤੀ ਸਨਮਾਨ ਪ੍ਰਗਟ ਕੀਤਾ

ਉਨ੍ਹਾਂ ਕਿਹਾ ਕਿ ਇੰਡੀਆ ਗਠਜੋੜ ਗਰੀਬ ਅਤੇ ਕਮਜ਼ੋਰ ਵਰਗਾਂ ਦੇ ਨਾਲ ਹੈ, ਜਦ ਕਿ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਅਮੀਰਾਂ ਦੇ ਨਾਲ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਭਾਜਪਾ ਆਪਣੀ ਨਕਾਰਾਤਮਕਤਾ ਵਿੱਚ ਉਲਝ ਰਹੀ ਹੈ। ਉਹ ਪਿਛਲੇ 10 ਸਾਲਾਂ ਵਿੱਚ ਕੀਤੇ ਕੰਮਾਂ ਲਈ ਵੋਟ ਨਹੀਂ ਮੰਗ ਰਹੇ ਹਨ। ਹੋਰ ਦੀਆਂ ਹੋਰ ਗੱਲਾਂ ਕਰਕੇ ਲੋਕਾਂ ਨੂੰ ਉਲਝਾ ਰਹੀ ਹੈ। ਉਨ੍ਹਾਂ ਬਹੁਜਨ ਸਮਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵੋਟ ਬਰਬਾਦ ਨਾ ਕਰਨ ਅਤੇ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਦਾ ਸਮਰਥਨ ਕਰਨ।

ਇੰਡੀਆ ਗੱਠਜੋੜ ਦੇ ਸੱਤਾ ’ਚ ਆਉਣ ’ਤੇ ਗਰੀਬਾਂ ਨੂੰ ਮੁਫ਼ਤ ਮਿਲਦਾ ਰਾਸ਼ਨ ਦੁੱਗਣਾ ਕਰ ਦਿਆਂਗੇ: ਖੜਗੇ

ਲਖਨਊ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅੱਜ ਇਥੇ ਐਲਾਨ ਕੀਤਾ ਕਿ ਜੇ ਇਡੀਆ ਗੱਠਜੋੜ ਸੱਤਾ ਵਿਚ ਆਉਂਦਾ ਹੈ ਤਾਂ ਉਹ ਗਰੀਬਾਂ ਲਈ ਰਾਸ਼ਨ ਕੋਟਾ 5 ਕਿਲੋਗ੍ਰਾਮ ਤੋਂ ਵਧਾ ਕੇ 10 ਕਿਲੋਗ੍ਰਾਮ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹੀ ਖੁਰਾਕ ਸੁਰੱਖਿਆ ਕਾਨੂੰਨ ਲਿਆਂਦਾ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਇਸ ਦਾ ਸਿਹਰਾ ਲੈ ਰਹੇ ਹਨ। ਸੱਤਾ ’ਚ ਆਉਣ ’ਤੇ ਇੰਡੀਆ ਗੱਠਜੋੜ ਗਰੀਬਾਂ ਲਈ ਮੁਫਤ ਰਾਸ਼ਨ ਨੂੰ ਦੁੱਗਣਾ ਕਰੇਗੀ। ਅੱਜ ਇਥੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ

ਆਂਧਰਾ ਪ੍ਰਦੇਸ਼ ’ਚ ਨਿੱਜੀ ਬੱਸ ਨੂੰ ਅੱਗ ਲੱਗਣ ਕਾਰਨ 6 ਵਿਅਕਤੀ ਜ਼ਿੰਦਾ ਸੜੇ

ਅਮਰਾਵਤੀ (ਆਂਧਰਾ ਪ੍ਰਦੇਸ਼), 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਂਧਰਾ ਪ੍ਰਦੇਸ਼ ਦੇ ਪਲਨਾਡੂ ਜ਼ਿਲ੍ਹੇ ਵਿੱਚ ਚਿਲਕਲੂਰੀਪੇਟ ਨੇੜੇ ਪ੍ਰਾਈਵੇਟ ਬੱਸ ਨੂੰ ਲਾਰੀ ਨਾਲ ਟਕਰਾਉਣ ਤੋਂ ਬਾਅਦ ਅੱਗ ਲੱਗ ਗਈ, ਜਿਸ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ। ਇਹ ਹਾਦਸਾ ਮੰਗਲਵਾਰ ਅਤੇ ਬੁੱਧਵਾਰ ਦੀ ਦਰਮਿਆਨੀ ਰਾਤ ਨੂੰ ਵਾਪਰਿਆ। ਇਸ ਹਾਦਸੇ ’ਚ 6 ਦੀ ਮੌਤ ਹੋ ਗਈ। ਮਰਨ ਵਾਲਿਆਂ ’ਚ ਦੋਵੇਂ ਵਾਹਨਾਂ ਦੇ

ਡਰਾਈਵਰ ਵੀ ਸ਼ਾਮਲ ਹਨ। ਜ਼ਖਮੀਆਂ ਨੂੰ ਹਸਪਤਾਲ ’ਚ ਭਰਤੀ ਕਰਵਾਇਆ ਗਿਆ ਹੈ।

ਖੇਡਾਂ ਹੀ ਨਿਰੋਏ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ: ਸੁਰੇਸ਼ ਕੁਮਾਰ ਨਾਰੰਗ

ਪਟਿਆਲਾ, 16 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਨਾਭਾ ਪਾਵਰ ਲਿਮਟਿਡ ਥਰਮਲ ਪਲਾਂਟ ਰਾਜਪੁਰਾ ਵਲੋਂ ਗ੍ਰਾਮ ਪੰਚਾਇਤ, ਯੂਥ ਕਲੱਬ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਉਗਾਣੀ ਸਾਹਿਬ ਵਿਖੇ ਪਹਿਲਾ ਵਾਲੀਬਾਲ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਨਾਭਾ ਪਾਵਰ ਲਿਮਟਿਡ ਦੇ ਪਲਾਂਟ ਹੈਡ ਸੁਰੇਸ਼ ਕੁਮਾਰ ਨਾਰੰਗ ਨੇ ਸ਼ਿਰਕਤ ਕੀਤੀ। ਇਸ ਵਾਲੀਬਾਲ ਟੂਰਨਾਮੈਂਟ ਵਿਚ ਨਾਭਾ ਪਾਵਰ ਲਿਮਟਿਡ ਅਧੀਨ ਆਉਂਦੇ ਪਿੰਡਾਂ ਵਿਚੋਂ 28 ਟੀਮਾਂ ਨੇ ਭਾਗ ਲਿਆ। ਇਸ ਮੌਕੇ ਸੰਬੋਧਨ ਕਰਦਿਆਂ ਨਾਭਾ ਪਾਵਰ ਲਿਮਟਿਡ ਦੇ ਪਲਾਟ ਹੈਡ ਸੁਰੇਸ਼ ਕੁਮਾਰ ਨਾਰੰਗ ਨੇ ਕਿਹਾ ਕਿ ਖੇਡਾਂ ਹੀ ਨਿਰੋਏ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ, ਉਹਨਾਂ ਕਿਹਾ ਕਿ ਖਿਡਾਰੀਆਂ ਵਲੋਂ ਨੌਜਵਾਨ ਵਰਗ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ ਤਾਂ ਜੋ ਉਹਨਾਂ ਦਾ ਸ਼ਰੀਰ ਤੰਦਰੁਸਤ ਰਹੇ ਉਨ੍ਹਾਂ ਕਿਹਾ ਕਿ ਖੇਡਾਂ ਵੱਲ ਪ੍ਰੇਰਿਤ ਨੌਜਵਾਨ ਨਸ਼ਿਆਂ ਤੋਂ ਦੂਰ ਰਹਿੰਦੇ ਹਨ ਉਹਨਾਂ ਹੋਰਨਾਂ ਨੌਜਵਾਨਾ ਨੂੰ ਵੀ ਖੇਡਾਂ ਵੱਲ ਰੁਚੀ ਲੈਣ ਲਈ ਜਾਗਰੂਕ ਕੀਤਾ, ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਠੱਲ੍ਹਣ ਲਈ ਨੌਜਵਾਨ ਪੀੜ੍ਹੀ ਦਾ ਅੱਗੇ ਆਉਣਾ ਸਮੇ ਦੀ ਮੁੱਖ ਲੋੜ ਹੈ। ਉਹਨਾਂ ਦੱਸਿਆ ਕਿ ਨਾਭਾ ਪਾਵਰ ਲਿਮਟਿਡ ਇਸ ਤੋ ਇਲਾਵਾ ਸੀ ਐਸ ਆਰ ਅਧੀਨ ਵੱਖ ਵੱਖ ਪਿੰਡਾਂ ਵਿਚ ਹੋਰ ਵੀ ਸਮਾਜ ਭਲਾਈ ਦੇ ਕੰਮ ਜਿਵੇਂ ਕਿ ਲੜਕੀਆਂ ਲਈ ਸਕਾਲਰਸ਼ਿਪ , ਔਰਤਾਂ ਨੂੰ ਕਿੱਤਾ ਮੁਖੀ ਟ੍ਰੇਨਿੰਗ,ਲੋੜਵੰਦ ਪਰਿਵਾਰਾਂ ਲਈ ਘਰਾਂ ਦਾ ਨਿਰਮਾਣ, ਪਿੰਡਾਂ ਵਿਚ ਸੜਕਾਂ,ਪੰਚਾਇਤ ਘਰਾਂ, ਕਮਿਊਨਿਟੀ ਸ਼ੈੱਡ, ਆਦਿ ਵਰਗੇ ਕੰਮ ਵੱਡੇ ਪੱਧਰ ਤੇ ਕੀਤੇ ਜਾ ਰਹੇ ਹਨ, ਦੱਸਣਯੋਗ ਹੈ ਕਿ ਨਾਭਾ ਪਾਵਰ ਲਿਮਟਿਡ ਵਲੋਂ ਕਰਵਾਏ ਗਏ ਇਸ ਵਾਲੀਬਾਲ ਟੂਰਨਾਮੈਂਟ ਵਿੱਚ ਬੜੇ ਉਤਸ਼ਾਹ ਨਾਲ ਨੌਜਵਾਨ ਖਿਡਾਰੀਆ ਵੱਲੋਂ ਭਾਗ ਲਿਆ ਗਿਆ ਅਤੇ ਦੇਰ ਰਾਤ ਤੱਕ ਚਲੇ ਇਹਨਾਂ ਮੁਕਾਬਲਿਆ ਵਿੱਚ ਪਿੰਡ ਭਗੜਾਣਾ, ਉਗਾਣੀ ਸਾਹਿਬ, ਬਸੰਤਪੁਰਾ,ਦਾਦੂਮਾਜਰਾ, ਹਰੀਆਓਂ ਵੱਲੋਂ ਕਰਮਵਾਰ ਪਹਿਲਾ, ਦੂਜਾ, ਤੀਜਾ, ਚੋਥਾ ਤੇ ਪੰਜਵਾ ਸਥਾਨ ਪ੍ਰਾਪਤ ਕੀਤਾ ਗਿਆ। ਪਹਿਲੇ ਪੰਜ ਸਥਾਨਾਂ ਤੇ ਆਇਆ ਇਹਨਾਂ ਜੇਤੂ ਟੀਮਾਂ ਨੂੰ ਨਾਭਾ ਪਾਵਰ ਲਿਮਟਿਡ ਵਲੋਂ ਨਗਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਸੁਪਰੀਮ ਕੋਰਟ ਵੱਲੋਂ ਨਿਊਜ਼ਕਲਿੱਕ ਦੇ ਸੰਸਥਾਪਕ ਪ੍ਰਬੀਰ ਦੀ ਗ੍ਰਿਫ਼ਤਾਰੀ ਗ਼ੈਰ ਕਾਨੂੰਨੀ ਕਰਾਰ, ਰਿਹਾਈ ਦਾ ਹੁਕਮ ਦਿੱਤਾ



ਨਵੀਂ ਦਿੱਲੀ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂਏਪੀਏ) ਤਹਿਤ ਮਾਮਲੇ ਵਿਚ ਨਿਊਜ਼ਕਲਿੱਕ ਦੇ ਸੰਸਥਾਪਕ ਪ੍ਰਬੀਰ ਪੁਰਕਾਯਸਥ ਦੀ ਗ੍ਰਿਫਤਾਰੀ ਨੂੰ ‘ਗੈਰ-ਕਾਨੂੰਨੀ’ ਕਰਾਰ ਦਿੱਤਾ ਅਤੇ ਉਸ ਦੀ ਰਿਹਾਈ ਦਾ ਹੁਕਮ ਦਿੱਤਾ।

ਜਸਟਿਸ ਬੀ. ਆਰ. ਗਵਈ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਇਹ ਹੁਕਮ ਦਿੱਤਾ ਹੈ। ਨਿਊਜ਼ ਪੋਰਟਲ ਦੇ ਖਿਲਾਫ ਦਰਜ ਐਫਆਈਆਰ ਦੇ ਅਨੁਸਾਰ, ‘ਨਿਊਜ਼ ਕਲਿਕ’ ਨੂੰ ਕਥਿਤ ਤੌਰ ‘ਤੇ ‘ਭਾਰਤ ਦੀ ਪ੍ਰਭੂਸੱਤਾ ਨੂੰ ਭੰਗ ਕਰਨ’ ਅਤੇ ਦੇਸ਼ ਦੇ ਖਿਲਾਫ ਅਸੰਤੁਸ਼ਟਤਾ ਪੈਦਾ ਕਰਨ ਲਈ ਚੀਨ ਤੋਂ ਫੰਡ ਪ੍ਰਾਪਤ ਕੀਤਾ ਗਿਆ ਸੀ।

ਮਨੀਸ਼ ਸਿਸੋਦੀਆ ਨੂੰ ਨਹੀਂ ਮਿਲੀ ਰਾਹਤ, ਨਿਆਂਇਕ ਹਿਰਾਸਤ 30 ਮਈ ਤੱਕ ਵਧੀ

ਨਵੀਂ ਦਿੱਲੀ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਦੀ ਇੱਕ ਅਦਾਲਤ ਨੇ ਕਥਿਤ ਆਬਕਾਰੀ ਘੁਟਾਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਨਿਆਂਇਕ ਹਿਰਾਸਤ 30 ਮਈ ਤੱਕ ਵਧਾ ਦਿੱਤੀ ਹੈ। ਸੀ.ਬੀ.ਆਈ. ਅਤੇ ਈ.ਡੀ. ਲਈ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਮਾਮਲੇ ਵਿੱਚ ਦੋਸ਼ ਤੈਅ ਕਰਨ ਲਈ ਅੱਗੇ ਦੀਆਂ ਦਲੀਵਾਂ ਲਈ 30 ਮਈ ਦੀ ਤਰੀਕ ਤੈਅ ਕੀਤੀ ਹੈ। ਜੱਜ ਨੇ ਕਿਹਾ ਕਿ ਦੋਸ਼ਾਂ ’ਤੇ ਬਹਿਸ ਕਰਨ ਲਈ ਇਕ ਅਰਜ਼ੀ ਹਾਈ ਕੋਰਟ ਵਿਚ ਵਿਚਾਰ ਅਧੀਨ ਹੈ।

ਸਿਸੋਦੀਆ ਅਤੇ ਹਿਰਾਸਤ ਵਿੱਚ ਹੋਰ ਮੁਲਜ਼ਮਾਂ ਨੂੰ ਜੇਲ੍ਹ ਤੋਂ ਹੀ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ 30 ਅਪ੍ਰੈਲ

ਨੂੰ ਕਥਿਤ ਘੁਟਾਲੇ ਦੇ ਸਬੰਧ ਵਿੱਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੁਆਰਾ ਦਰਜ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ ਵਿੱਚ ਸਿਸੋਦੀਆ ਦੀ ਜ਼ਮਾਨਤ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਅਦਾਲਤ ਨੇ ਸੀ.ਬੀ.ਆਈ. ਅਤੇ ਈ.ਡੀ. ਦੇ ਨਾਲ-ਨਾਲ ਸਿਸੋਦੀਆ ਦੇ ਵਕੀਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਸੀ।

ਚੋਣ ਡਿਊਟੀ ਕਰਨ ਵਾਲੀਆਂ ਮਿਡ ਡੇ ਮੀਲ ਅਤੇ ਆਸ਼ਾ ਵਰਕਰਾਂ ਨੂੰ ਮਿਲੇਗਾ 200 ਰੁਪਏ ਪ੍ਰਤੀ ਦਿਨ ਮਾਣ ਭੱਤਾ: ਸਿਬਿਨ ਸੀ

ਚੰਡੀਗੜ੍ਹ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ-2024 ਲਈ ਚੋਣ ਡਿਊਟੀ ਕਰਨ ਵਾਲੀਆਂ ਪੰਜਾਬ ਦੀਆਂ ਮਿਡ ਡੇ ਮੀਲ ਅਤੇ ਆਸ਼ਾ ਵਰਕਰਾਂ ਨੂੰ 200 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਮਾਣ ਭੱਤਾ ਦਿੱਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਪੋਲਿੰਗ ਪਾਰਟੀਆਂ ਵਾਸਤੇ ਖਾਣਾ ਤਿਆਰ ਕਰਨ ਲਈ ਮਿਡ ਡੇ ਮੀਲ ਵਰਕਰਾਂ ਦੀ ਡਿਊਟੀ ਲਗਾਈ ਜਾਣੀ ਹੈ। ਇਸ ਤੋਂ ਇਲਾਵਾ 1 ਜੂਨ ਵੋਟਾਂ ਵਾਲੇ ਦਿਨ ਗਰਮ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਆਸ਼ਾ ਵਰਕਰਾਂ ਨੂੰ ਵੀ ਪੋਲਿੰਗ ਬੂਥਾਂ ‘ਤੇ ਤੈਨਾਤ ਕੀਤਾ ਜਾਵੇਗਾ ਤਾਂ ਜੋ ਕਿਸੇ ਪੋਲਿੰਗ ਸਟਾਫ ਜਾਂ ਬੂਥ ‘ਤੇ ਆਏ ਵੋਟਰ ਦੀ ਸਿਹਤ ਨਾਸਾਜ਼ ਹੋਣ ‘ਤੇ ਉਨ੍ਹਾਂ ਦੀ ਤੁਰੰਤ ਸਹਾਇਤਾ ਕੀਤੀ ਜਾ ਸਕੇ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਆਸ਼ਾ ਵਰਕਰਾਂ ਨੂੰ ਵੀ ਮਿਡ ਡੇ ਮੀਲ ਵਰਕਰਾਂ ਦੀ ਤਰਜ਼ ‘ਤੇ 200 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਮਾਣ ਭੱਤਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮਿਡ ਡੇ ਮੀਲ ਅਤੇ ਆਸ਼ਾ ਵਰਕਰਾਂ ਨੂੰ ਮਾਣ ਭੱਤਾ ਦੇਣ ਲਈ ਪੰਜਾਬ ਦੇ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ-ਕਮ-ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ।

ਕਾਂਗਰਸ ਛੱਡਣ ਸਮੇਂ ਉਨ੍ਹਾਂ ਕਿਹਾ ਕਿ ਮੈਂ ਟੰਡਨ ਤੋਂ ਪ੍ਰਭਾਵਿਤ ਹਾਂ, ਮੋਦੀ ਤੋਂ ਨਹੀਂ: ਚਾਵਲਾ

ਚੰਡੀਗੜ੍ਹ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਲੋਕ ਸਭਾ ਚੋਣਾਂ-2024 ਦਰਮਿਆਨ ਕਾਂਗਰਸ ਨੂੰ ਚੰਡੀਗੜ੍ਹ ਵਿਚ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਪਵਨ ਬਾਂਸਲ ਧੜੇ ਦੇ ਦਿੱਗਜ ਕਾਂਗਰਸੀ ਅਤੇ ਚੰਡੀਗੜ੍ਹ ਤੋਂ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਤੇ ਸ਼ਹਿਰ ਦੇ ਦੋ ਵਾਰ ਮੇਅਰ ਰਹੇ ਸੁਭਾਸ਼ ਚਾਵਲਾ ਸ. ਹੁਣ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਭਾਜਪਾ ਖੇਮੇ ਦੇ ਕਈ ਆਗੂ ਪਿਛਲੇ ਪੰਦਰਾਂ ਦਿਨਾਂ ਤੋਂ ਚੁੱਪ-ਚੁਪੀਤੇ ਕਹਿ ਰਹੇ ਸਨ ਕਿ ਉਨ੍ਹਾਂ ਨੂੰ ਕੋਈ ਵੱਡਾ ਕੰਮ ਕਰਨਾ ਚਾਹੀਦਾ ਹੈ, ਜਦਕਿ ਆਮ ਵਰਕਰ ਉੱਚੀ-ਉੱਚੀ ਕਹਿ ਰਹੇ ਸਨ ਕਿ ਉਹ ਧਮਾਕਾ ਕਰ ਦੇਣਗੇ, ਆਖਰਕਾਰ ਅੱਜ ਸੁਭਾਸ਼ ਚਾਵਲਾ ਨੇ ਇਹ ਧਮਾਕਾ ਕਰ ਦਿੱਤਾ ਕਾਂਗਰਸ, ਹੁਣ ਸੰਜੇ ਟੁੱਡਣ ਰਹਿ ਗਏ ਹਨ, ਜਿਸ ਕਾਰਨ ਸ਼ਹਿਰ ਦੀ ਸਿਆਸਤ ਵਿੱਚ ਆਈ ਤਬਦੀਲੀ

ਕਾਰਨ ਕਾਂਗਰਸੀ ਵਰਕਰਾਂ ਦਾ ਜੋਸ਼ ਮੱਠਾ ਪੈਂਦਾ ਨਜ਼ਰ ਆ ਰਿਹਾ ਹੈ।

ਭਾਜਪਾ ਦੇ ਸੂਬਾ ਪ੍ਰਧਾਨ ਜਤਿੰਦਰ ਮਲਹੋਤਰਾ ਅਤੇ ਲੋਕ ਸਭਾ ਉਮੀਦਵਾਰ ਸੰਜੇ ਟੰਡਨ ਨੇ ਸੁਭਾਸ਼ ਚਾਵਲਾ ਦਾ ਭਾਜਪਾ ’ਚ ਸ਼ਾਮਲ ਹੋਣ ’ਤੇ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਚਾਵਲਾ ਦੇ ਨਾਲ-ਨਾਲ ਉਨ੍ਹਾਂ ਦੇ ਸਮਰਥਕ ਵੀ ਭਾਜਪਾ ’ਚ ਸ਼ਾਮਲ ਹੋ ਗਏ ਹਨ।

ਫਿਲਹਾਲ ਸੁਭਾਸ਼ ਚਾਵਲਾ ਦੇ ਭਾਜਪਾ ’ਚ ਆਉਣ ਨਾਲ ਲੋਕ ਸਭਾ ਚੋਣਾਂ ’ਚ ਪਾਰਟੀ ਨੂੰ ਫਾਇਦਾ ਹੋਵੇਗਾ। ਚਾਵਲਾ ਦੀ ਰਾਜਨੀਤੀ ਕਾਫੀ ਪੁਰਾਣੀ ਹੈ। ਉਹ ਇੱਕ ਤਜਰਬੇਕਾਰ ਅਤੇ ਤਜਰਬੇਕਾਰ ਆਗੂ ਹਨ ਅਤੇ ਲੋਕਾਂ ਵਿੱਚ ਉਨ੍ਹਾਂ ਦੀ ਆਪਣੀ ਪਹੁੰਚ ਹੈ। ਨਾਲ ਹੀ, ਚਾਵਲਾ ਦਾ ਅਕਸ ਇੱਕ ਸਾਫ਼-ਸੁਥਰੇ ਅਤੇ ਸ਼ਾਂਤ ਨੇਤਾ ਦਾ ਹੈ।

ਜੂਨ 2022 ਨੂੰ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ

ਸੁਭਾਸ਼ ਚਾਵਲਾ ਚੰਡੀਗੜ੍ਹ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਫਰਵਰੀ 2021 ਵਿੱਚ, ਪ੍ਰਦੀਪ ਛਾ

ਦਿਵਆਂਗ ਵੋਟਰਾਂ ਲਈ ਕਾਰਗਰ ਹੈ ਈਸੀਆਰਈ ਸਕਸ਼ਮ ਐਪ - ਮੁੱਖ ਚੋਣ ਅਧਿਕਾਰੀ

ਚੰਡੀਗੜ੍ਹ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਸਾਰੀ ਵਰਗਾਂ ਦੀ ਲੋਕਸਭਾ ਆਮ ਚੋਣ ਵਿਚ ਭਾਗੀਦਾਰੀ ਯਕੀਨੀ ਕਰਨ ਲਈ ਮਹਤੱਵਪੂਰਨ ਯਤਨ ਕੀਤੇ ਜਾ ਰਹੇ ਹਨ। ਇੰਨ੍ਹਾਂ ਯਤਨਾਂ ਦੇ ਤਹਿਤ ਦਿਵਆਂਗਜਨਾਂ ਲਈ ਵੋਟ ਅਧਿਕਾਰ ਦੀ ਵਰਤੋਂ ਸਹਿਜ ਅਤੇ ਸਹੂਲਤਜਨਕ ਬਨਾਉਣ ਦੇ ਉਦੇਸ਼ ਨਾਲ ਸਕਸ਼ਮ ਐਪ ਬਣਾਇਆ ਗਿਆ ਹੈ। ਇਹ ਮੋਬਾਇਲ ਐਪ ਦਿਵਆਂਗ ਵਿਅਕਤੀਆਂ ਦੀ ਸਹੂਲਤ ਨੂੰ ਦੇਖਦੇ ਹੋਏ ਇਕ ਤਰ੍ਹਾ ਨਾਲ ਦਿਵਆਂਗ ਵੋਟਰਾਂ ਲਈ ਵਰਦਾਨ ਹੈ। ਦਿਵਆਂਗਜਨ ਚੋਣ ਨਾਲ ਜੁੜੀ ਵੋਟਰ ਕੇਂਦ੍ਰਿਤ ਵੱਖ-ਵੱਖ ਸੇਵਾਵਾਂ ਦਾ ਲਾਭ ਚੁੱਕਣ ਲਈ ਇਸ ਐਪ ਦੀ ਵਰਤੋਂ ਕਰ ਸਕਦੇ ਹਨ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਸਕਸ਼ਮ ਐਪ ਦੇ ਇੰਟਰਫੇਸ ਨੂੰ ਦਿਵਆਂਗਜਨਾਂ ਦੀ ਜਰੂਰਤਾਂ ਨੂੰ ਦੇਖਦੇ ਹੋਏ ਉਨ੍ਹਾਂ ਦੇ ਅਨੁਕੂਲ ਬਣਾਇਆ ਹੈ। ਸਕਸ਼ਮ ਐਪ ਰਾਹੀਂ ਦਿਵਆਂਗ ਵੋਟਰ ਚੋਣ ਸੂਚੀ ਵਿਚ ਆਪਣਾ ਨਾਂਅ ਦੇਖਣ ਤੋਂ ਇਲਾਵਾ ਪੋਲਿੰਗ ਬੂਥ ਦੀ ਲੋਕੇਸ਼ਨ, ਬੂਥ ਤਕ ਆਵਾਜਾਈ ਲਈ ਵਹੀਲਚੇਅਰ ਲਈ ਅਪੀਲ ਕਰ ਸਕਦਾ ਹੈ। ਨਵੇਂ ਵੋਟਰਾਂ ਵਜੋਂ ਆਪਣਾ ਰਜਿਸਟ੍ਰੇਸ਼ਣ ਕਰਵਾ ਸਕਦਾ ਹੈ, ਵੋਟਰ ਕਾਰਡ ਵਿਚ ਸੁਧਾਰ, ਵੋਟਰ ਕਾਰਡ ਨੂੰ ਆਧਾਰ ਨਾਲ ਜੁੜਵਾਉਣ ਜਾਂ ਚੋਣਾਵੀ ਪ੍ਰਕ੍ਰਿਆ ਨਾਲ ਸਬੰਧਿਤ ਹੋਰ ਤਰ੍ਹਾ ਦੀ ਸੇਵਾਵਾਂ ਲਈ ਅਪੀਲ ਕਰ ਸਕਦਾ ਹੈ। ਇੱਥੇ ਤਕ ਚੋਣ ਲੜ੍ਹ ਰਹੇ ਉਮੀਦਵਾਰਾਂ ਦੇ ਬਾਰੇ ਵਿਚ ਜਾਣਕਾਰੀ ਵੀ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਨੇ ਦਸਿਆ ਕਿ ਸਕਸ਼ਮ ਐਪ ਵੱਲੋਂ ਦਿਵਆਂਗ ਵੋਟਰ ਚੋਣ ਨੂੰ ਲੈ ਕੇ ਕਿਸੇ ਵੀ ਤਰ੍ਹਾ ਦੀ ਸਮਸਿਆ ਦੇ ਲਈ ਸੰਪਰਕ ਕਰ ਸਕਦਾ ਹੈ ਤੇ ਸ਼ਿਕਾਇਤ ਵੀ ਦਰਜ ਕਰ ਸਕਦਾ ਹੈ। ਇਸ ਤੋਂ ਇਲਾਵਾ, ਚੋਣਾਂ ਨਾਲ ਸਬੰਧਿਤ ਗਿਆਨ ਵਧਾਉਣ ਲਈ ਕਾਫੀ ਲੇਖ ਵੀ ਸਕਸ਼ਮ ਐਪ 'ਤੇ ਉਪਲਬਧ ਹਨ।

ਉਨ੍ਹਾਂ ਨੇ ਦਸਿਆ ਕਿ ਸਕਸ਼ਮ ਐਪ ਗੂਗਲ ਪਲੇ ਸਟੋਰ ਤੋਂ ਆਪਣੇ ਏਂਡਰਾਇਡ ਮੋਬਾਇਲ 'ਤੇ ਡਾਊਨਲੋਡ ਕਰਨ। ਐਪ ਖੁਲਦੇ ਹੀਂ ਵੋਟ ਰਜਿਸਟ੍ਰੇਸ਼ਣ, ਪੋਲਿੰਗ ਬੂਥ 'ਤੇ ਸਹੂਲਤਾਂ, ਵੋਟਰ ਕਾਰਡ ਨਾਲ ਸਬੰਧਿਤ ਜਾਣਕਾਰੀ ਅਤੇ ਸੂਚਨਾ ਅਤੇ ਸ਼ਿਕਾਇਤ ਦਾ ਆਪਸ਼ਨ ਹੋਵੇਗਾ। ਇਸ ਦੇ ਬਾਅਦ ਹੋਰ ਸਹੂਨਤਾਂ ਲਈ ਐਪ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਵੋਟਿੰਗ ਸਮੇਂ ਸਰਵਿਸ ਵੋਟਰਾਂ ਤੋਂ ਪ੍ਰਾਪਤ ਪੋਸਟਲ ਬੈਲੇਟ ਦੀ ਪਹਿਲਾਂ ਹੋਵੇਗੀ ਸਕੇਨਿੰਗ : ਮੁੱਖ ਚੋਣ ਅਧਿਕਾਰੀ

➢ਹਰ 10 ਸਕੇਨਰ 'ਤੇ ਇਕ ਸਹਾਇਕ ਰਿਟਰਨਿੰਗ ਅਧਿਕਾਰੀ ਦੀ ਹੋਵੇਗੀ ਨਿਯੁਕਤੀ ➢ਜਿਲ੍ਹਾ ਚੋਣ ਅਧਿਕਾਰੀ ਲੈ ਲੈਣ ਅੰਬਾਲਾ ਸਟੋਰ ਤੋਂ ਚੋਣ ਸਮੱਗਰੀ

ਚੰਡੀਗੜ੍ਹ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ 25 ਮਈ ਨੂੰ ਹਰਿਆਣਾ ਵਿਚ ਹੋਣ ਵਾਲੇ ਲੋਕਸਭਾ ਚੋਣ ਦੇ ਮੱਦੇਨਜਰ ਸਾਰੇ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਧਿਕਾਰੀ ਇਹ ਯਕੀਨੀ ਕਰ ਲੈਣ ਕਿ ਅੰਬਾਲਾ ਸਟੋਰ ਤੋਂ ਚੋਣ ਸਮੱਗਰੀ ਲੈ ਲੈਣ।

ਗਿਣਤੀ ਤੋਂ ਪਹਿਲਾਂ ਸਰਵਿਸ ਵੋਟਰਾਂ ਤੋਂ ਪ੍ਰਾਪਤ ਪੋਸਟਲ ਬੈਲੇਟ ਦੀ ਸਕੇਨਿੰਗ ਹੋਣੀ ਹੈ, ਇਸ ਲਈ ਹਰ 10 ਸਕੇਨਰ 'ਤੇ ਇਕ ਸਹਾਇਕ ਰਿਟਰਨਿੰਗ ਅਧਿਕਾਰੀ ਦੀ ਨਿਯੁਕਤੀ ਕਰਨ। ਇਸ ਤੋਂ ਇਲਾਵਾ ਪ੍ਰਸਤਾਵਿਤ ਗਿਣਤੀ ਦੀ ਹਰ ਟੇਬਲ 'ਤੇ ਵੱਖ ਤੋਂ ਸਹਾਇਕ ਰਿਟਰਨਿੰਗ ਅਧਿਕਾਰੀ ਦੀ ਨਿਯੁਕਤੀ ਕੀਤੀ ਜਾਵੇ ਅਤੇ ਇੰਨ੍ਹਾਂ ਅਧਿਕਾਰੀਆਂ ਦੇ ਨਾਂਅ ਤੇ ਮੋਬਾਇਲ ਨੰਬਰ ਮੁੱਖ ਚੋਣ ਅਧਿਕਾਰੀ ਦਫਤਰ ਵਿਚ ਭੇਜੇ ਜਾਣ।

ਸ੍ਰੀ ਅਗਰਵਾਲ ਨੇ ਕਿਹਾ ਕਿ ਗਿਣਤੀ ਹਾਲ ਵਿਚ ਈਟੀਪੀਬੀਐਸ ਤੇ ਪੋਸਟਲ ਬੈਲੇਟ ਦੀ ਗਿਣਤੀ ਇਕ ਬਹੁਤ ਮਹਤੱਵਪੂਰਨ ਪਹਿਲੂ ਹੈ, ਇਸ ਲਈ ਅਧਿਕਾਰੀਆਂ ਨੂੰ ਖੁਦ ਇਸ ਕੰਮ ਨੂੰ ਕਰਨਾ ਹੋਵੇਗਾ। ਸਾਰੇ ਗਿਣਤੀ ਕੇਂਦਰਾਂ 'ਤੇ ਉੱਚ ਗੁਣਵੱਤਾ 100 ਐਮਬੀਪੀਐਸ (ਮੇਗਾ ਬਾਇਟ 'ਤੇ ਸੈਕੇਂਡ) ਦੀ ਲੀਜ ਲਾਇਨ ਦੀ ਵਿਵਸਥਾ ਕਰਵਾ ਲੈਣ।

ਉਨ੍ਹਾਂ ਨੇ ਦਸਿਆ ਕਿ 85 ਸਾਲ ਤੋਂ ਵੱਧ ਉਮਰ ਦੇ ਅਤੇ ਦਿਵਆਂਗ ਵੋਟਰ ਜੋ ਘਰ ਤੋਂ ਵੋਟ ਕਰਨਾ ਚਾਹੁੰਦੇ ਹਨ ਅਤੇ ਫਾਰਮ 12 ਹੀ ਭਰ ਕੇ ਦਿੱਤਾ ਹੈ ਉਨ੍ਹਾਂ ਦੀ ਵੋਟਿੰਗ ਦਾ ਸਹੀ ਪ੍ਰਬੰਧ ਕਰਨ ਅਤੇ ਸਮੇਂ 'ਤੇ ਵੋਟਿੰਗ ਕਰਵਾਉਣ।

ਸੂਬੇ ਵਿਚ 1 ਲੱਖ 11 ਹਜਾਰ 58 ਹਨ ਸਰਵਿਸ ਵੋਟਰ

ਸ੍ਰੀ ਅਗਰਵਾਲ ਨੇ ਦਸਿਆ ਕਿ ਸੂਬੇ ਵਿਚ ਸਰਵਿਸ ਵੋਟਰਾਂ ਦੀ ਕੁੱਲ ਗਿਣਤੀ 1 ਲੱਖ 11 ਹਜਾਰ 58 ਹੈ। ਇਸ ਲਈ ਵੋਟਾਂ ਦੀ ਗਿਣਤੀ ਲਈ ਸਕੇਨਰ ਦੇ ਕਾਫੀ ਗਿਣਤੀ ਵਿਚ ਪ੍ਰਬੰਧ ਕੀਤੇ ਜਾਣ।

ਪੋਸਟਲ ਬੈਲੇਟ ਦੇ ਪ੍ਰਬੰਧ ਕਰਨ ਜਰੂਰ

ਉਨ੍ਹਾਂ ਨੇ ਦਸਿਆ ਕਿ ਗਿਣਤੀ ਵਿਚ ਪੋਸਟਲ ਬੈਲੇਟ ਇਕ ਮਹਤੱਵਪੂਰਨ ਤੱਤ ਹੈ। ਇਸ ਦੇ ਤਹਿਤ ਸਰਵਿਸ ਵੋਟਰ ਤੋਂ ਪ੍ਰਾਪਤ ਪੋਸਟਲ ਬੈਲੇਟ ਪੇਪਰ ਅਤੇ ਡਿਊਟੀ 'ਤੇ ਤੈਨਾਤ ਵੋਟਰ ਤੇ ਹੋਰ ਕਰਮਚਾਰੀ ਅਤੇ ਗੈਰਹਾਜਿਰ ਵੋਟਰ ਦੀ ਗਿਣਤੀ ਕੀਤੀ ਜਾਂਦੀ ਹੈ।

16 ਮਾਰਚ ਤੋਂ 6 ਮਈ ਦੇ ਵਿਚ ਸੂਬੇ ਵਿਚ ਬਣੇ ਹਨ 1 ਲੱਖ 95 ਹਜਾਰ 66 ਨਵੇਂ ਵੋਟਰ

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਲੋਕਸਭਾ ਚੋਣ ਐਲਾਨ ਹੋਣ ਦੀ ਮਿੱਤੀ 16 ਮਾਰਚ ਤੇ ਨਾਮਜਦਗੀ ਦਾਖਲ ਕਰਨ ਦੀ ਮਿੱਤੀ 6 ਮਈ ਦੇ ਵਿਚ ਸੂਬੇ ਵਿਚ 1 ਲੱਖ 95 ਹਜਾਰ 662 ਨਵੇਂ ਵੋਟਰ ਬਣੇ ਹਨ। ਇਸ ਲਈ ਇੰਨ੍ਹਾਂ ਸਾਰਿਆਂ ਦਾ ਫੋਟੋਯੁਕਤ ਵੋਟਰ ਪਹਿਚਾਣ ਪੱਤਰ ਭਿਜਵਾਉਣ ਲਈ ਪ੍ਰਿੰਟਰਸ ਨੂੰ ਸਮੇਂ ਰਹਿੰਦੇ ਜਾਣੂੰ ਕਰਾ ਦੇਣ।

ਸੂਬੇਵਿਚ ਅਸਥਾਈ ਚੋਣ ਕੇਂਦਰਾਂ ਸਮੇਤ ਪੋਲਿੰਗ ਸਟੇਸ਼ਨਾਂ ਗਿਣਤੀ 20 ਹਜਾਰ 31 ਹੈ

ਸ੍ਰੀ ਅਗਰਵਾਲ ਨੇ ਦਸਿਆ ਕਿ ਸੂਬੇ ਵਿਚ 10 ਹਜਾਰ 523 ਸਥਾਨਾਂ 'ਤੇ ਅਸਥਾਈ ਚੋਣ ਕੇਂਦਰਾਂ ਸਮੇਤ ਪੋਲਿੰਗ ਸਟੇਸ਼ਨਾਂ ਦੀ ਗਿਣਤੀ 20 ਹਜਾਰ 31 ਹੈ। ਸਾਰੇ ਜਿਲ੍ਹਾ ਚੋਣ ਅਧਿਕਾਰੀ ਇੰਨ੍ਹਾਂ ਚੋਣ ਕੇਂਦਰਾਂ 'ਤੇ ਪੀਣ ਦਾ ਸ਼ੁੱਧ ਪਾਣੀ, ਮਹਿਲਾ ਤੇ ਪੁਰਸ਼ਾਂ ਲਈ ਵੱਖ-ਵੱਖ ਪਖਾਨੇ, ਹੀਟ ਵੇਵ ਨੂੰ ਦੇਖਦੇ ਹੋਏ ਵੱਧ ਟੈਂਟ , ਪੱਖਿਆਂ ਦੇ ਨਾਲ-ਨਾਲ ਸਿਹਤ ਵਿਭਾਗ ਨਾਲ ਸੰਪਰਕ ਕਰ ਕੇ ਓਆਰਐਸ ਸਮੇਤ ਮੈਡੀਕਲ ਕਿੱਟ ਦੀ ਵਿਵਸਥਾ ਕਰਨ।

ਤਿਵਾਰੀ ਨੇ ਸੀਆਈਆਈ ਦੀ ਮੀਟਿੰਗ ਵਿੱਚ ਸਰਲ ਜੀਐਸਟੀ ਪ੍ਰਣਾਲੀ ਦੀ ਗਾਰੰਟੀ ਦਿੱਤੀ

ਚੰਡੀਗੜ੍ਹ, 16 ਮਈ/ ਧਾਲੀਵਾਲ
-ਕੌਮੀ ਪੱਤ੍ਰਿਕਾ ਬਿਊਰੋ-

ਫੈਡਰੇਸ਼ਨ ਆਫ ਸੈਕਟਰ ਵੈਲਫੇਅਰ ਐਸੋਸੀਏਸ਼ਨ, ਚੰਡੀਗੜ੍ਹ (ਫੋਸਵਾਕ) ਨੇ ਇੱਥੇ ਇਕ ਸਮਾਗਮ ਦੌਰਾਨ ਭਾਰਤ ਮਾਰਗਬੰਧਨ ਦੇ ਸਾਂਝੇ ਉਮੀਦਵਾਰ ਮਨੀਸ਼ ਤਿਵਾੜੀ ਦਾ ਸਨਮਾਨ ਕੀਤਾ।ਇਸ ਸਮਾਗਮ ਵਿੱਚ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰਾਂ ਅਤੇ ਸ਼ਹਿਰ ਦੀਆਂ ਵੱਖ-ਵੱਖ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨਾਂ ਦੇ ਪ੍ਰਧਾਨਾਂ ਅਤੇ ਜਨਰਲ ਸਕੱਤਰਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐਚ.ਐਸ. ਲੱਕੀ, ਐਸੋਸੀਏਸ਼ਨ ਦੇ ਪ੍ਰਧਾਨ ਬਲਜਿੰਦਰ ਸਿੰਘ ਬਿੱਟੂ ਅਤੇ ਸੀਨੀਅਰ ਆਗੂ ਹਾਜ਼ਰ ਸਨ। ਇਸ ਦੌਰਾਨ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਸ਼ਹਿਰ ਵਾਸੀਆਂ ਨੂੰ ਦਰਪੇਸ਼ ਵੱਖ-ਵੱਖ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦੀ ਮੰਗ ਕੀਤੀ।ਜਿਸ 'ਤੇ ਤਿਵਾੜੀ ਨੇ ਫੈਡਰੇਸ਼ਨ ਦੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਸੰਸਦ ਮੈਂਬਰ ਬਣਨ ਤੋਂ ਬਾਅਦ ਸ਼ਹਿਰ ਦਾ ਵਿਕਾਸ ਅਤੇ ਸ਼ਹਿਰ ਵਾਸੀਆਂ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਹੱਲ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਖੁਦ ਸ਼ਹਿਰ ਦੇ ਰਹਿਣ ਵਾਲੇ ਹਨ ਅਤੇ ਸ਼ਹਿਰ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਦੇ ਤਰੀਕਿਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ।

ਇਸ ਦੌਰਾਨ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਦੇ ਚੰਡੀਗੜ੍ਹ ਚੈਪਟਰ ਵੱਲੋਂ ਕਰਵਾਏ ਗਏ ਇਕ ਵੱਖਰੇ ਸਮਾਗਮ ਦੌਰਾਨ ਤਿਵਾੜੀ ਨੇ ਕਿਹਾ ਕਿ ਕਾਂਗਰਸ ਪਾਰਟੀ ਦਾ ਇੰਸਪੈਕਟਰੀ ਰਾਜ ਅਤੇ ਟੈਕਸ ਅੱਤਵਾਦ ਤੋਂ ਮੁਕਤ ਵਪਾਰ ਅਤੇ ਵਪਾਰ ਅਨੁਕੂਲ ਮਾਹੌਲ ਯਕੀਨੀ ਬਣਾਉਣ ਦਾ ਰਿਕਾਰਡ ਹੈ।ਸਾਬਕਾ ਕੇਂਦਰੀ ਮੰਤਰੀ ਨੇ ਘੋਸ਼ਣਾ ਕੀਤੀ ਕਿ ਜੇਕਰ ਭਾਰਤ ਸਰਕਾਰ 4 ਜੂਨ ਤੋਂ ਬਾਅਦ ਸੱਤਾ ਵਿੱਚ ਆਉਂਦੀ ਹੈ ਤਾਂ ਸੋਧਿਆ ਅਤੇ ਸਰਲ ਜੀਐਸਟੀ ਪ੍ਰਣਾਲੀ ਉਸ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੋਵੇਗੀ।ਸੀਆਈਆਈ ਮੈਂਬਰਾਂ ਨੇ ਤਿਵਾੜੀ ਨੂੰ ਮੋਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਚਾਲੂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਿਆਪਕ ਬੁਨਿਆਦੀ ਢਾਂਚੇ ਅਤੇ ਲੋੜੀਂਦੀਆਂ ਸਹੂਲਤਾਂ ਦੀ ਉਪਲਬਧਤਾ ਦੇ ਬਾਵਜੂਦ, ਹਵਾਈ ਅੱਡੇ ਤੋਂ ਸ਼ਾਇਦ ਹੀ ਕੋਈ ਅੰਤਰਰਾਸ਼ਟਰੀ ਉਡਾਣਾਂ ਉਪਲਬਧ ਹਨ। ਉਨ੍ਹਾਂ ਨੇ ਟ੍ਰਾਈ-ਸਿਟੀ ਦੇ ਪ੍ਰਸ਼ਾਸਨ ਵਿੱਚ ਬਿਹਤਰ ਅਤੇ ਵਪਾਰਕ ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਵਧੇਰੇ ਤਾਲਮੇਲ ਦਾ ਸੁਝਾਅ ਵੀ ਦਿੱਤਾ।

ਇਸ ਮੌਕੇ ਸੀਆਈਆਈ ਇੱਕ ਦਸਤਾਵੇਜ਼ ਚੰਡੀਗੜ੍ਹ ਲਈ ਵਿਕਾਸ ਏਜੰਡਾ ਪੇਸ਼ ਕੀਤਾ, ਜਿਸ ਵਿੱਚ ਚੰਡੀਗੜ੍ਹ ਤੋਂ ਹੋਰ ਉਡਾਣਾਂ, ਇੱਕ ਵਿਸ਼ਵ ਪੱਧਰੀ ਕਨਵੈਨਸ਼ਨ ਸੈਂਟਰ ਅਤੇ ਗ੍ਰੇਟਰ ਚੰਡੀਗੜ੍ਹ ਰੀਜਨ (ਜੀਸੀਆਰ) ਨੂੰ ਰਾਸ਼ਟਰੀ ਰਾਜਧਾਨੀ ਖੇਤਰ ਦੀ ਤਰਜ਼ 'ਤੇ ਵਿਕਸਤ ਕਰਨ ਸਮੇਤ ਕੁਝ ਮੁੱਖ ਸੁਝਾਅ ਸੂਚੀਬੱਧ ਕੀਤੇ ਗਏ ਹਨ।

ਇਸ ਮੌਕੇ ਸੀਆਈਆਈ ਚੰਡੀਗੜ੍ਹ ਦੇ ਚੇਅਰਮੈਨ ਅਨੁਰਾਗ ਗੁਪਤਾ, ਸਮੀਰ ਗੋਇਲ, ਮਨਮੋਹਨ ਸਿੰਘ ਕੋਹਲੀ, ਰਾਜੀਵ ਕਾਲੀਆ, ਵਿਕਰਮ ਹੰਸ, ਅਮਰਬੀਰ ਸਿੰਘ, ਰਵਿੰਦਰ ਸਿੰਘ ਪਾਲੀ ਆਦਿ ਹਾਜ਼ਰ ਸਨ।

ਹਰਿਆਣਾ ਦੇ 22 ਜਿਲ੍ਹਿਆਂ ਅਤੇ 34 ਸਬ-ਡਿਵੀਜਨਾਂ ਵਿਚ ਦੂਜੀ ਕੌਮੀ ਲੋਕ ਅਦਾਲਤ ਦਾ ਕੀਤਾ ਪ੍ਰਬੰਧ, ਮੁਕਦਮਿਆਂਦਾ ਕੀਤਾ ਨਿਪਟਾਨ

ਚੰਡੀਗੜ੍ਹ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਰਾਜ ਲੀਗਲ ਸਰਵਿਸ ਅਥਾਰਿਟੀ ਨੇ ਮਾਣਯੋਗ ਜੱਜ ਸ੍ਰੀ ਅਰੁਣ ਪੱਲੀ, ਜੱਜ, ਪੰਜਾਬ ਐਂਡ ਹਰਿਆਣਾ ਹਾਈ ਕੋਰਟ ਅਤੇ ਕਾਰਜਕਾਰੀ ਚੇਅਰਮੈਨ ਹਰਿਆਣਾ ਰਾਜ ਲੀਗਲ ਸਰਵਿਸ ਅਥਾਰਿਟੀ ਦੇ ਮਾਰਗਦਰਸ਼ਨ ਵਿਚ ਸਾਲ 2024 ਦੀ ਦੂਜੀ ਕੌਮੀ ਲੋਕ ਅਦਾਲਤ ਦਾ ਸ਼ਨੀਵਾਰ ਨੂੰ ਹਰਿਆਣਾ ਦੇ 22 ਜਿਲ੍ਹਿਆਂ ਅਤੇ 34 ਸਬ-ਡਿਵੀਜਨਾਂ ਵਿਚ ਪ੍ਰਬੰਧ ਕੀਤਾ ਗਿਆ, ਜਿਸ ਵਿਚ ਸਿਵਲ, ਅਪਰਾਧਿਕ, ਵਿਆਹੇ, ਬੈਂਕ ਵਸੂਲੀ ਆਦਿ ਨਾਲ ਸਬੰਧਿਤ ਕਈ ਮਾਮਲੇ ਚੁੱਕੇ ਗਏ। ਇਸ ਵਿਚ ਏਡੀਆਰ ਕੇਂਦਰਾਂ ਵਿਚ ਕੰਮ ਕਰ ਰਹੇ ਸਥਾਈ ਲੋਕ ਅਦਾਲਤਾਂ (ਪਬਲਿਕ ਯੂਟੀਲਿਟੀ ਸਰਵਿਸਸਿਸ) ਦੇ ਮਾਮਲੇ ਵੀ ਸ਼ਾਮਿਲ ਹਨ।

ਕੌਮੀ ਲੋਕ ਅਦਾਲਤ ਪ੍ਰਬੰਧਿਤ ਕਰਨ ਦਾ ਉਦੇਸ਼ ਵਾਦਕਾਰਿਆਂ ਨੂੰ ਆਪਣੇ ਵਿਵਾਦਾਂ ਨੂੰ ਸਹੀ ਢੰਗ ਨਾਲ ਨਿਪਟਾਉਣ ਦੇ ਲਈ ਇਕ ਮੰਚ ਪ੍ਰਦਾਨ ਕਰਨਾ ਹੈ।

ਕੌਮੀ ਲੋਕ ਅਦਾਲਤ ਦੇ ਦਿਨ ਮਾਣਯੋਗ ਜੱਜ ਸ੍ਰੀ ਅਰੁਣ ਪੱਲੀ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਕਾਰਜਕਾਰੀ ਚੇਅਰਮੈਨ ਹਰਿਆਣਾ ਰਾਜ ਲੀਗਲ ਸਰਵਿਸ ਅਥਾਰਿਟੀ ਨੇ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਲੋਕ ਅਦਾਲਤਾਂ ਦੀ ਨਿਗਰਾਨੀ ਕੀਤੀ। ਮਾਣਯੋਗ ਜੱਜ ਨੇ ਲੋਕ ਅਦਾਲਤ ਬੈਂਚਾਂ ਦੇ ਨਾਲ-ਨਾਲ ਪੱਖਕਾਰਾਂ ਨਾਲ ਵੀ ਗੱਲਬਾਤ ਕੀਤੀ ਅਤੇ ਲੋਕ ਅਦਾਲਤ ਬੈਂਚਾਂ ਨੂੰ ਦਿਸ਼ਾ -ਨਿਰਦੇਸ਼ ਦਿੱਤੇ।

ਮਾਣਯੋਗ ਜੱਜ ਸ੍ਰੀ ਅਰੁਣ ਪੱਲੀ ਨੇ ਕੌਮੀ ਲੋਕ ਅਦਾਲਤ ਦੇ ਸਫਲਤਾਪੂਰਵਕ ਸੰਚਾਲਨ ਲਈ ਲੋਕ ਅਦਾਲਤ ਬੈਂਚਾਂ ਨੂੰ ਆਪਣੀ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਅੱਜ ਦੀ ਕੌਮੀ ਲੋਕ ਅਦਾਲਤ ਵਿਚ ਵੱਧ ਤੋਂ ਵੱਧ ਮਾਮਲਿਆਂ ਦਾ ਨਿਪਟਾਰਾ ਕਰਨ ਲਈ ਪ੍ਰੋਤਸਾਹਿਤ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਵ ਜੋਰ ਦਿੱਤਾ ਕਿ ਲੋਕ ਅਦਾਲਤ ਬਿਨ੍ਹਾਂ ਕਿਸੇ ਵੱਧ ਲਾਗਤ ਜਾਂ ਫੀਸ ਦੇ ਪਾਰਟੀਆਂ 'ਤੇ ਪਾਬੰਦੀਸ਼ੁਦਾ ਮਾਮਲਿਆਂ ਦੇ ਤੁਰੰਤ ਅਤੇ ਆਖੀਰੀ ਸਹਿਮਤੀਪੂਰਣ ਨਿਪਟਾਨ ਨੂੰ ਯਕੀਨੀ ਕਰਨ ਲਈ ਇਕ ਪ੍ਰਭਾਵੀ ਵੈਕਲਪਿਕ ਵਿਵਾਦ ਹੱਲ ਸਿਸਟਮ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਅਦਾਲਤਾਂ ਨੇ ਸਿਰਫ ਲੰਬਿਤ ਵਿਵਾਦ ਜਾਂ ਪੱਖਕਾਰਾਂ ਦੇ ਵਿਚ ਉਤਪਨ ਹੋਣ ਵਾਲੇ ਵਿਵਾਦਾਂ ਦਾ ਨਿਪਟਾਰਾ ਕਰਦੀ ਹੈ, ਸਗੋ ਇਹ ਸਮਾਜਿਕ ਭਾਈਚਾਰੇ ਵੀ ਯਕੀਨੀ ਕਰਦੀ ਹੈ, ਕਿਉਂਕਿ ਵਿਵਾਦ ਕਰਨ ਵਾਲੇ ਪੱਖਕਾਰ ਆਪਣੀ ਪੂਰੀ ਸੰਤੁਸ਼ਟੀ ਦੇ ਨਾਲ ਆਪਣੇ ਮਾਮਲਿਆਂ ਨੂੰ ਸੁੰਦਰ ਢੰਗ ਨਾਲ ਸੁਲਝਾਉਂਦੇ ਹਨ। ਪੂਰਵ-ਮੁਕਦਮੇਬਾਜੀ ਅਤੇ ਲੰਬਿਤ ਦੋਵਾਂ ਪੜਾਆਂ ਵਿਚ ਲਗਭਗ 2,35,000 ਮਾਮਲਿਆਂ ਦਾ ਹੱਲ ਕੀਤਾ ਗਿਆ ਜਿਸ ਵਿਚ ਪੱਖਕਾਰਾਂ ਦੇ ਵਿਚ 100 ਕਰੋੜ ਰੁਪਏ ਤੋਂ ਵੱਧ ਦੀ ਰਕਮ ਦਾ ਨਿਪਟਾਨ ਹੋਇਆ।

ਭਾਜਪਾ ਉਮੀਦਵਾਰ ਅਸ਼ੋਕ ਤੰਵਰ ਦਾ ਰਾਣੀਆਂ ਹਲਕੇ ਵਿੱਚ ਵਿਰੋਧ

ਏਲਨਾਬਾਦ, 16 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਿਰਸਾ ਲੋਕ

ਅੰਮ੍ਰਿਤਸਰ 'ਚ ਮਲਟੀਪਲ ਵੀਜਾ ਐਪਲੀਕੇਸਨ ਸੈਂਟਰ ਵੀ. ਐੱਫ. ਐੱਸ. ਗਲੋਬਲ ਸੈਂਟਰ ਸਥਾਪਿਤ ਕੀਤਾ ਜਾਵੇਗਾ : ਤਰਨਜੀਤ ਸੰਧੂ

ਅੰਮ੍ਰਿਤਸਰ 16 ਮਈ। ਭਾਜਪਾ ਦੇ ਲੋਕ ਸਭਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਉਹ ਗੁਰੂ ਨਗਰੀ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਵੀ. ਐੱਫ. ਐੱਸ. ਨੇ ਤਾਜ ਦੇ ਸਹਿਯੋਗ ਨਾਲ ਅੰਮ੍ਰਿਤਸਰ 'ਚ ਇਕ

ਸਿਖਲਾਈ ਕੇਂਦਰ ਖੋਲ੍ਹਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਸਾਡੇ ਨੌਜਵਾਨਾਂ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਨੂੰ ਰੋਜਗਾਰ ਦੇ ਮੌਕੇ ਮਿਲਣਗੇ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ 'ਚ ਮਲਟੀਪਲ ਵੀਜਾ ਐਪਲੀਕੇਸਨ ਸੈਂਟਰ ਵੀ. ਐੱਫ. ਐੱਸ. ਗਲੋਬਲ ਸੈਂਟਰ ਸਥਾਪਿਤ ਕੀਤਾ ਜਾਵੇਗਾ, ਜਿੱਥੇ ਲੋਕਾਂ ਨੂੰ ਬਾਇਓਮੈਟ੍ਰਿਕ ਉਪਕਰਣ ਵੀ ਉਪਲੱਬਧ ਕਰਵਾਏ ਜਾਣਗੇ। ਅਮਰੀਕੀ ਐੱਨ. ਆਰ. ਆਈ. ਭਰਾਵਾਂ ਦੁਆਰਾ ਅੰਮ੍ਰਿਤਸਰ 'ਚ ਨੌਜਵਾਨਾਂ ਅਤੇ ਔਰਤਾਂ ਦੇ ਸਵੈ-ਰੋਜਗਾਰ ਅਤੇ ਸਟਾਰਟਅੱਪ ਲਈ ਵਿਕਸਤ ਕੀਤੀ ਅੰਮ੍ਰਿਤਸਰ ਨਿਵੇਸ ਯੋਜਨਾ ਤਹਿਤ 100 ਮਿਲੀਅਨ ਡਾਲਰ ਯਾਨੀ 830 ਕਰੋੜ ਰੁਪਏ ਤੋਂ ਵੱਧ ਦੀ ਰਕਮ ਇਕੱਠੀ ਕੀਤੀ ਗਈ ਹੈ। ਰੋਜਗਾਰ ਲਈ ਕੇਂਦਰ ਸਰਕਾਰ ਦੀਆਂ ਸਕੀਮਾਂ ਦੇ ਲਾਗੂਕਰਨ 'ਚ ਤੇਜੀ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਸਹਿਰ ਦੇ ਨੌਜਵਾਨਾਂ 'ਚ ਸਮਰੱਥਾ ਦੀ ਕੋਈ ਕਮੀ ਨਹੀਂ ਹੈ। ਬਸ ਉਨ੍ਹਾਂ ਨੂੰ ਸਿਰਫ ਸਹੀ ਮਾਰਗਦਰਸਨ ਦੀ ਲੋੜ ਹੈ। ਕਈ ਵਿਦੇਸੀ ਕੰਪਨੀਆਂ ਅੰਮ੍ਰਿਤਸਰ 'ਚ ਪੂੰਜੀ ਨਿਵੇਸ ਕਰਨ ਲਈ ਤਿਆਰ ਹਨ

ਗੁੱਜਰਾਂ ਦੇ ਡੇਰੇ ਨੂੰ ਲੱਗੀ ਅੱਗ

ਦੀਨਾਨਗਰ 16 ਮਈ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪਿੰਡ ਪਸਿਆਲ ਨੇੜੇ ਗੁੱਜਰਾਂ ਦੇ ਡੇਰੇ ਨੂੰ ਅੱਗ ਲੱਗਣ ਕਾਰਨ ਉਨ੍ਹਾਂ ਦੇ ਡੇਰੇ ਅੰਦਰ ਪਿਆ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਇਸ ਦੇ ਨਾਲ ਹੀ ਪਸ਼ੂਆਂ ਲਈ ਇਕੱਠੀ ਕੀਤੀ ਗਈ ਪਰਾਲੀ ਵੀ ਸੜ ਕੇ ਸੁਆਹ ਹੋ ਗਈ। ਇਸ ਮੌਕੇ ਗੱਲਬਾਤ ਕਰਦੇ ਹੋਏ ਗੁੱਜਰ ਸਰਮੂਦੀਨ ਨੇ ਦੱਸਿਆ ਕਿ ਅਚਾਨਕ ਅੱਗ ਲੱਗਣ ਕਾਰਨ ਇਹ ਨੁਕਸਾਨ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਗ ਇੰਨੀ ਤੇਜ ਸੀ ਕਿ ਇਸ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਗੱਡੀ ਨੂੰ ਬੁਲਾਇਆ ਗਿਆ ਪਰ ਉਸ ਦੇ ਆਉਣ ਤੱਕ ਸਾਡਾ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ ਸੀ। ਇਸ ਮੌਕੇ ਪੀੜਤ ਪਰਿਵਾਰ ਨੇ ਪ੍ਰਸਾਸਨ ਕੋਲੋਂ ਮਦਦ ਦੀ ਗੁਹਾਰ ਲਗਾਈ ਹੈ।

ਨਾਜਾਇਜ ਕਾਲੋਨੀਆਂ ਕਾਰਨ ਜਮੀਨਾਂ ਦੀਆਂ ਕੀਮਤਾਂ ਵਧੀਆਂ, ਗੈਰ-ਕਾਨੂੰਨੀ ਕਾਲੋਨੀਆਂ ਦਾ ਲਿਆ ਨੋਟਿਸ

ਕਿਸ਼ਨ ਪਾਲ

ਬਠਿੰਡਾ 16 ਮਈ। ਪੰਜਾਬ ਸਰਕਾਰ ਅਤੇ ਹਾਈਕੋਰਟ ਦੀ ਸਖਤੀ ਦੇ ਬਾਵਜੂਦ ਨਾਜਾਇਜ ਕਾਲੋਨੀਆਂ ਦਾ ਸਿਲਸਿਲਾ ਜਾਰੀ ਹੈ, ਜਿਸ ਕਾਰਨ ਜਮੀਨਾਂ ਦੇ ਭਾਅ ਵੀ ਆਸਮਾਨ ਛੂਹਣ ਲੱਗੇ ਹਨ। ਪਿਛਲੀ ਕਾਂਗਰਸ ਸਰਕਾਰ ਦੌਰਾਨ ਕੁਝ ਮਹੀਨਿਆਂ 'ਚ ਹੀ ਨਾਜਾਇਜ ਕਾਲੋਨੀਆਂ ਦਾ ਬੋਲਬਾਲਾ ਹੋ ਗਿਆ ਸੀ, ਜਿਸ ਵਿਚ ਨਗਰ ਨਿਗਮ ਅਤੇ ਪੁੱਡਾ ਅਧਿਕਾਰੀਆਂ ਦੀ ਕਾਫੀ ਮਿਲੀ ਭੁਗਤ ਸੀ। ਉਕਤ ਅਧਿਕਾਰੀਆਂ ਨੂੰ ਪੰਜਾਬ ਦੇ ਇਕ ਵੱਡੇ ਆਗੂ ਦੀ ਸਰਪ੍ਰਸਤੀ ਹਾਸਲ ਸੀ, ਜਿਸ ਕਾਰਨ ਨਾਜਾਇਜ ਕਾਲੋਨੀਆਂ ਤੋਂ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਪੈਸਾ ਵਸੂਲਿਆ ਜਾਂਦਾ ਸੀ। ਸਰਕਾਰ ਬਦਲਣ ਤੋਂ ਬਾਅਦ ਕੁਝ ਕਾਲੋਨੀਆਂ ਦੀ ਮਾਨਤਾ ਰੱਦ ਕਰ ਦਿੱਤੀ ਗਈ ਅਤੇ ਕੁਝ ਨੂੰ ਪੀਲੇ ਪੰਜੇ ਨਾਲ ਢਾਹ ਦਿੱਤਾ ਗਿਆ। ਅਜਿਹੇ 'ਚ ਲੋਕਾਂ ਦੇ ਕਰੋੜਾਂ ਰੁਪਏ ਦਾ ਨੁਕਸਾਨ ਵੀ ਹੋਇਆ ਹੈ। ਮੱਧ ਵਰਗ ਦੇ ਲੋਕ ਆਪਣਾ ਘਰ ਬਣਾਉਣ ਦਾ ਸੁਪਨਾ ਦੇਖਦੇ ਹਨ ਅਤੇ ਸਸਤੇ ਪਲਾਟ ਦੀ ਤਲਾਸ ਕਰਦੇ ਹਨ ਜੋ ਉਨ੍ਹਾਂ ਨੂੰ ਗੈਰ-ਕਾਨੂੰਨੀ ਕਾਲੋਨੀਆਂ ਵਿਚ ਹੀ ਮਿਲਦੇ ਹਨ। ਉਹ ਸਸਤੇ ਨੂੰ ਦੇਖ ਕੇ ਫਸ ਜਾਂਦੇ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਦੀ ਬੱਚਤ ਬਰਬਾਦ ਹੋ ਰਹੀ ਹੈ ਅਤੇ ਭੂ-ਮਾਫੀਆ ਉਨ੍ਹਾਂ ਨੂੰ ਆਪਣੇ ਜਾਲ 'ਚ ਫਸਾ ਕੇ ਉਨ੍ਹਾਂ ਦੀ ਲੁੱਟ ਕਰ ਰਿਹਾ ਹੈ। ਨਾਜਾਇਜ ਕਾਲੋਨੀਆਂ ਨਾਲ ਭਰੇ ਜ਼ਿਆਦਾਤਰ ਬਾਹਰੀ ਖੇਤਰਾਂ ਵਿਚ ਗੋਨਿਆਣਾ ਰੋਡ, ਮਲੋਟ ਰੋਡ, ਰਿੰਗ ਰੋਡ, ਬਰਨਾਲਾ ਰੋਡ, ਮੁਲਤਾਨੀਆ ਰੋਡ, ਮਾਨਸਾ ਰੋਡ ਸਾਮਲ ਹਨ। ਇਨ੍ਹਾਂ ਇਲਾਕਿਆਂ 'ਚ ਦਰਜਨਾਂ ਕਾਲੋਨੀਆਂ ਕੱਟੀਆਂ ਗਈਆਂ ਹਨ ਅਤੇ ਕਈ ਲੋਕ ਫਸੇ ਹੋਏ ਹਨ। ਮਹਿੰਗੇ ਭਾਅ 'ਤੇ ਪਲਾਟ ਖਰੀਦੇ ਗਏ ਅਤੇ ਜਮੀਨਾਂ ਦੇ ਮੁੱਲ ਘਟਾਏ ਗਏ ਪਰ ਕਾਲੋਨਾਈਜਰ ਪੈਸੇ ਵਾਪਸ ਕਰਨ ਤੋਂ ਝਿਜਕ ਰਹੇ ਹਨ। ਨਗਰ ਨਿਗਮ ਅਤੇ ਪੁੱਡਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਾਜਾਇਜ ਕਾਲੋਨੀਆਂ ਬਣੀਆਂ ਹੋਈਆਂ ਹਨ। ਇੱਥੋਂ ਤਕ ਕਿ ਸਰਕਾਰੀ ਜਮੀਨਾਂ 'ਤੇ ਕਬਜੇ ਕੀਤੇ ਗਏ ਅਤੇ ਕਾਲੋਨੀਆਂ ਕੱਟੀਆਂ ਗਈਆਂ, ਸੈਂਕੜੇ ਏਕੜ ਸਰਕਾਰੀ ਜਮੀਨਾਂ 'ਤੇ ਅਜੇ ਵੀ ਲੋਕਾਂ ਦਾ ਕਬਜਾ ਹੈ। ਅਜਿਹੇ 'ਚ ਸਰਕਾਰ ਨੂੰ ਦੋਹਰੀ ਮਾਰ ਝੱਲਣੀ ਪੈ ਰਹੀ ਹੈ। ਪਹਿਲਾ ਤਾਂ ਉਨ੍ਹਾਂ ਦੀਆਂ ਜਮੀਨਾਂ 'ਤੇ ਨਾਜਾਇਜ ਕਬਜ਼ਿਆਂ ਕਾਰਨ, ਦੂਸਰਾ ਕਾਲੋਨੀਆਂ ਤੋਂ ਕਮਾਇਆ ਪੈਸਾ ਵੀ ਡੁੱਬ ਰਿਹਾ ਹੈ। ਜੇਕਰ ਮਾਨਤਾ ਪ੍ਰਾਪਤ ਕਾਲੋਨੀ ਬਣਾਈ ਜਾਂਦੀ ਹੈ ਤਾਂ ਕਾਲੋਨਾਈਜਰ ਨੂੰ ਕਈ ਤਰ੍ਹਾਂ ਦੇ ਟੈਕਸ ਅਦਾ ਕਰਨੇ ਪੈਂਦੇ ਹਨ ਜਦੋਂਕਿ ਗੈਰ-ਕਾਨੂੰਨੀ ਕਾਲੋਨੀਆਂ ਸਰਕਾਰ ਨੂੰ ਟੈਕਸ ਅਦਾ ਕੀਤੇ ਬਿਨਾਂ ਹੀ ਬਣਾਈਆਂ ਜਾਂਦੀਆਂ ਹਨ। ਅਜੇ ਵੀ ਬਹੁਤ ਸਾਰੀਆਂ ਕਾਲੋਨੀਆਂ ਹਨ, ਜਿਨ੍ਹਾਂ ਕੋਲ ਨਾ ਤਾਂ ਐੱਨ. ਓ. ਸੀ. ਹੈ, ਨਾ ਪ੍ਰਦੂਸਣ ਸਰਟੀਫਿਕੇਟ ਅਤੇ ਨਾ ਹੀ ਰੇਰਾ, ਫਿਰ ਵੀ ਉਨ੍ਹਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਪੰਜਾਬ

ਹਾਈਕੋਰਟ ਨੇ ਗੈਰ-ਕਾਨੂੰਨੀ ਕਾਲੋਨੀਆਂ ਦਾ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਨੂੰ ਉਕਤ ਗੈਰ-ਕਾਨੂੰਨੀ ਕਾਲੋਨੀਆਂ ਦੀ ਸਟੇਟਸ ਰਿਪੋਰਟ ਅਦਾਲਤ 'ਚ ਪੇਸ ਕਰਨ ਲਈ ਦੋ ਹਫਤਿਆਂ ਦਾ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਸਬੰਧਤ ਅਧਿਕਾਰੀਆਂ ਨੂੰ ਸਪੱਸਟ ਨਿਰਦੇਸ ਦਿੱਤੇ ਹਨ ਕਿ ਇਨ੍ਹਾਂ ਮੁੱਦਿਆਂ ਨੂੰ ਕਿਵੇਂ ਹੱਲ ਕੀਤਾ ਜਾਵੇ। ਖਾਸ ਤੌਰ 'ਤੇ ਵਾਤਾਵਰਣ ਅਤੇ ਕਾਨੂੰਨੀ ਪਹਿਲੂਆਂ ਨੂੰ ਧਿਆਨ 'ਚ ਰੱਖੋ। ਗੈਰ-ਕਾਨੂੰਨੀ ਕਾਲੋਨੀਆਂ ਖੇਤਰ ਦੇ ਕੁਦਰਤੀ ਸਰੋਤਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ ਅਤੇ ਪ੍ਰਦੂਸਣ ਦਾ ਕਾਰਨ ਬਣ ਸਕਦੀਆਂ ਹਨ। ਪੰਜਾਬ ਸਰਕਾਰ ਨੇ ਗੈਰ-ਕਾਨੂੰਨੀ ਕਾਲੋਨੀਆਂ ਨੂੰ ਪੂਰੀ ਤਰ੍ਹਾਂ ਨਾਲ ਮਾਨਤਾ ਦੇਣ ਦੀ ਸਕੀਮ ਤਿਆਰ ਕੀਤੀ ਸੀ ਜੋ ਕਿ ਅਜੇ ਤਕ ਲਟਕ ਰਹੀ ਹੈ। ਸਰਕਾਰ ਨੇ ਕਿਹਾ ਸੀ ਕਿ ਸਾਰੀਆਂ ਨਾਜਾਇਜ ਕਾਲੋਨੀਆਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ ਪਰ ਇਸ ਲਈ ਸਰਕਾਰ ਨੇ ਭਾਰੀ ਟੈਕਸ ਲਗਾ ਦਿੱਤੇ ਸਨ, ਜਿਸ ਕਾਰਨ ਕਾਲੋਨਾਈਜਰਾਂ ਨੇ ਇਨ੍ਹਾਂ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ। ਜੇਕਰ ਸਰਕਾਰ ਟੈਕਸ ਛੋਟ ਦੇ ਕੇ ਗੈਰ-ਕਾਨੂੰਨੀ ਕਾਲੋਨੀਆਂ ਨੂੰ ਨਿਯਮਤ ਕਰ ਦਿੰਦੀ ਹੈ ਤਾਂ ਇਸ ਦਾ ਸਰਕਾਰ ਅਤੇ ਲੋਕਾਂ ਦੋਵਾਂ ਨੂੰ ਫਾਇਦਾ ਹੋਵੇਗਾ। ਜਿੱਥੇ ਸਰਕਾਰੀ ਖਜਾਨਾ ਭਰਿਆ ਜਾਵੇਗਾ, ਉੱਥੇ ਹੀ ਲੋਕਾਂ ਦਾ ਆਪਣਾ ਘਰ ਬਣਾਉਣ ਦਾ ਸੁਪਨਾ ਵੀ ਪੂਰਾ ਹੋਵੇਗਾ। ਬੇਸੱਕ ਪੰਜਾਬ ਦੀ ਭਗਵੰਤ ਮਾਨ ਸਰਕਾਰ ਗੈਰ-ਕਾਨੂੰਨੀ ਕਾਲੋਨੀਆਂ ਨੂੰ ਕਾਨੂੰਨੀ ਰੂਪ ਦੇਣਾ ਚਾਹੁੰਦੀ ਹੈ ਪਰ ਸਰਕਾਰੀ ਅਫਸਰਸਾਹੀ ਇਸ ਵਿਚ ਅੜਿੱਕਾ ਪਾ ਦਿੰਦੀ ਹੈ, ਜਿਸ ਕਾਰਨ ਮਾਮਲਾ ਮੁਸਕਲ ਹੋ ਜਾਂਦਾ ਹੈ।

ਸਿਵਲ ਹਸਪਤਾਲ ਦੀ ਤੀਜੀ ਮੰਜਿਲ ਤੋਂ ਛਾਲ ਮਾਰ ਵਿਅਕਤੀ ਨੇ ਕੀਤੀ ਖੁਦਕੁਸ਼ੀ, 2 ਮੁਲਜਮ ਗ੍ਰਿਫਤਾਰ

ਖੰਨਾ 16 ਮਈ। ਬੀਤੇ ਦਿਨ ਕੁਲਵਿੰਦਰ ਸਿੰਘ ਨਾਂ ਦੇ ਨੌਜਵਾਨ ਨੇ ਕੁਝ ਵਿਅਕਤੀਆਂ ਵਲੋਂ ਤੰਗ-ਪਰੇਸ਼ਾਨ ਕਰਨ ਕਰ ਕੇ ਸਿਵਲ ਹਸਪਤਾਲ ਦੀ ਤੀਜੀ ਮੰਜਿ਼ਲ ਤੋਂ ਛਾਲ ਮਾਰ ਕੇ ਖੁਦਕੁਸੀ ਕਰ ਲਈ ਸੀ। ਐੱਸ. ਐੱਸ. ਪੀ. ਅਮਨੀਤ ਕੌਂਡਲ ਦੇ ਦਿਸਾ-ਨਿਰਦੇਸਾਂ 'ਤੇ ਤੁਰੰਤ ਕਾਰਵਾਈ ਕਰਦਿਆਂ ਡੀ. ਐੱਸ. ਪੀ. ਹਰਜਿੰਦਰ ਸਿੰਘ ਗਿੱਲ ਦੀ ਅਗਵਾਈ ਵਿਚ ਖੰਨਾ ਪੁਲਸ ਨੇ ਮਾਮਲਾ ਦਰਜ ਕਰ ਕੇ ਦੋ ਮੁਲਜਮਾਂ ਨੂੰ ਕਾਬੂ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਖੰਨਾ ਹਰਜਿੰਦਰ ਗਿੱਲ ਨੇ ਦੱਸਿਆ ਕਿ ਬੀਤੇ ਕੱਲ੍ਹ ਕੁਲਵਿੰਦਰ ਸਿੰਘ ਸਪੁੱਤਰ ਬੁੱਧ ਰਾਮ ਵਾਸੀ ਰਸੂਲੜਾ ਨੇ ਕੁਝ ਵਿਅਕਤੀਆਂ ਵਲੋਂ ਤੰਗ-ਪਰੇਸ਼ਾਨ ਕਰਨ ਕਰ ਕੇ ਸਿਵਲ ਹਸਪਤਾਲ ਦੀ ਤੀਜੀ ਮੰਜਿ਼ਲ ਤੋਂ ਛਾਲ ਮਾਰ ਕੇ ਖੁਦਕੁਸੀ ਕਰ ਲਈ ਸੀ, ਜਿਸ ਦੀ ਸੂਚਨਾ ਮਿਲਦਿਆਂ ਹੀ ਮੌਕੇ 'ਤੇ ਪੁਲਸ ਪਾਰਟੀ ਪਹੁੰਚ ਗਈ ਸੀ। ਤੁਰੰਤ ਕਾਰਵਾਈ ਕਰਦਿਆਂ ਚਾਰ ਮੁਲਜਮਾਂ ਬਲਬੀਰ ਸਿੰਘ, ਕੁਲਵਿੰਦਰ ਸਿੰਘ ਉਰਫ ਬੱਗਾ, ਹਰਸਦੀਪ ਸਿੰਘ ਤੇ ਗੁੱਲੂ 'ਤੇ ਮੁਕੱਦਮਾ ਦਰਜ ਕਰ ਕੇ ਉਨ੍ਹਾਂ ਦੀ ਭਾਲ ਆਰੰਭ ਦਿੱਤੀ ਸੀ ਤੇ ਕੁੱਝ ਘੰਟਿਆਂ ਬਾਅਦ ਹੀ ਬਲਬੀਰ ਸਿੰਘ ਤੇ ਕੁਲਵਿੰਦਰ ਸਿੰਘ ਉਰਫ ਬੱਗਾ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਡੀ. ਐੱਸ. ਪੀ. ਹਰਜਿੰਦਰ ਗਿੱਲ ਨੇ ਦੱਸਿਆ ਕਿ 5 ਮਈ ਨੂੰ ਕੁਲਵਿੰਦਰ ਸਿੰਘ ਪੁੱਤਰ ਬੁੱਧਰਾਮ ਦਾ ਕੁਝ ਵਿਅਕਤੀਆਂ ਨਾਲ ਪਿੰਡ ਰਸੂਲੜਾ ਵਿਖੇ ਹੀ ਝਗੜਾ ਹੋ ਗਿਆ ਸੀ, ਜਿਸ 'ਤੇ ਸਦਰ ਥਾਣਾ ਪੁਲਸ ਨੇ 10 ਮਈ ਨੂੰ ਬਲਬੀਰ ਸਿੰਘ, ਕੁਲਵਿੰਦਰ ਸਿੰਘ ਉਰਫ ਬੱਗਾ ਤੇ ਹਰਸਦੀਪ 'ਤੇ ਮੁਕੱਦਮਾ ਦਰਜ ਕਰ ਲਿਆ ਸੀ। ਉਕਤ ਮੁਲਜਮਾਂ ਵਲੋਂ ਕੁਲਵਿੰਦਰ ਸਿੰਘ ਨੂੰ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਸੀ, ਜਿਸ ਕਾਰਨ ਉਸ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਇਸ ਮੌਕੇ ਐੱਸ. ਐੱਚ. ਓ. ਸਿਟੀ-2 ਗੁਰਮੀਤ ਸਿੰਘ ਵੀ ਮੌਜੂਦ ਸਨ।

ਸਰਕਾਰੀ ਨੌਕਰੀ ਦਿਵਾਉਣ ਦੇ ਨਾਂ 'ਤੇ ਠੱਗੇ ਲੱਖਾਂ, ਪਿਓ-ਪੁੱਤ ਸਣੇ ਚਾਰ 'ਤੇ ਮਾਮਲਾ ਦਰਜ

ਏਜੰਸੀਆਂ

ਖਰੜ 16 ਮਈ। ਮੰਤਰੀ, ਸੰਤਰੀ ਅਤੇ ਹਾਈ ਪ੍ਰੋਫਾਈਲ ਰਸੂਖਦਾਰ ਲੋਕਾਂ ਦੇ ਨਾਲ ਜਾਣ-ਪਛਾਣ ਦੀਆਂ ਗੱਲਾਂ ਕਰ ਲੋਕਾਂ ਨੂੰ ਆਪਣੇ ਜਾਲ 'ਚ ਫਸਾ ਕੇ

ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇਣ ਵਾਲਿਆਂ 'ਤੇ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ ਤਹਿਤ ਸਿਟੀ ਪੁਲਸ ਨੇ ਪਿਓ-ਪੁੱਤਰ ਸਣੇ 4 ਵਿਅਕਤੀਆਂ ਖ਼ਿਲਾਫ ਪਿੰਡ ਮੱਛਲੀ ਕਲਾਂ ਨਿਵਾਸੀ ਗੌਰਵ ਕੁਮਾਰ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਹੈ। ਇਹ ਮਾਮਲਾ ਗੁਰਪ੍ਰੀਤ ਸਿੰਘ ਮਾਤਾ ਗੁਜਰੀ ਕਾਲੋਨੀ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਗੁਰਪ੍ਰੀਤ ਸਿੰਘ ਸੈਕਟਰ-43 ਚੰਡੀਗੜ੍ਹ, ਗੁਰਪ੍ਰੀਤ ਸਿੰਘ ਅਤੇ ਪ੍ਰੀਤਮ ਸਿੰਘ ਮਾਲਕ ਗੁਰੂ ਸਕਿਓਰਟੀ ਸੈਕਟਰ-70 ਮੋਹਾਲੀ ਖ਼ਿਲਾਫ ਦਰਜ ਕੀਤਾ ਗਿਆ ਹੈ। ਸ਼ਿਕਾਇਤ 'ਚ ਗੌਰਵ ਨੇ ਦੱਸਿਆ ਕਿ ਉਸ ਦੇ ਭਰਾ ਕਮਲਜੀਤ ਸਿੰਘ ਨੂੰ ਪ੍ਰੀਤਮ ਸਿੰਘ ਨਾਂ ਦਾ ਵਿਅਕਤੀ ਮਿਲਿਆ ਸੀ। ਜਿਸ ਨੇ ਉਸ ਨੂੰ ਫਾਇਰਮੈਨ ਦੀ ਨੌਕਰੀ ਦਿਵਾਉਣ ਦਾ ਝਾਂਸਾ ਦਿੰਦਿਆਂ ਉਸ ਕੋਲੋਂ 7 ਲੱਖ ਰੁਪਏ ਦੀ ਮੰਗ ਕੀਤੀ ਸੀ। ਉਨ੍ਹਾਂ ਦੋਵੇਂ ਭਰਾਵਾਂ ਨੂੰ ਨੌਕਰੀ ਲਗਵਾਉਣ ਲਈ ਇਕ ਤਰ੍ਹਾਂ ਨਾਲ ਪੇਸਗੀ ਵਜੋਂ ਇਕ ਲੱਖ ਰੁਪਏ ਦਿੱਤੇ ਸਨ। ਬਦਲੇ 'ਚ ਪ੍ਰੀਤਮ ਸਿੰਘ ਨੇ ਇਕ ਲੱਖ ਦਾ ਸਕਿਓਰਿਟੀ ਚੈੱਕ ਵੀ ਦਿੱਤਾ ਸੀ। ਤਿੰਨ ਮਹੀਨੇ ਬਾਅਦ ਪ੍ਰੀਤਮ ਸਿੰਘ ਨੇ ਕਿਹਾ ਕਿ ਦੋਹਾਂ ਭਰਾਵਾਂ ਦੇ ਨਾਮ ਲਿਸਟ ਵਿਚ ਆ ਗਏ ਹਨ ਅਤੇ ਹੁਣ ਉਹ ਤੁਰੰਤ 4 ਲੱਖ ਰੁਪਏ ਜਮ੍ਹਾਂ ਕਰਵਾ ਦੇਣ। ਉਨ੍ਹਾਂ ਨੇ ਚਾਰ ਲੱਖ ਜਮ੍ਹਾਂ ਕਰਵਾ ਦਿੱਤੇ ਅਤੇ ਬਾਕੀ ਦੇ ਦੋ ਲੱਖ ਰੁਪਏ ਕੰਮ ਹੋ ਜਾਣ ਤੋਂ ਬਾਅਦ ਦੇਣ ਦਾ ਵਾਅਦਾ ਕੀਤਾ। ਜਿਸ ਤੋਂ ਬਾਅਦ ਮੁਲਜਮ ਟਾਲਮਟੋਲ ਕਰਨ ਲੱਗੇ ਤੇ ਫੋਨ ਚੁੱਕਣਾ ਵੀ ਬੰਦ ਕਰ ਦਿੱਤਾ। ਜਿਸ ਤੋਂ ਬਾਅਦ ਉਨ੍ਹਾਂ ਨੂੰ ਠੱਗੀ ਦਾ ਪਤਾ ਲੱਗਿਆ। ਇਸੇ ਤਰ੍ਹਾਂ ਦੂਜੇ ਮਾਮਲੇ ਵਿਚ ਪੁਲਸ ਦੇ ਕੋਲ ਪਿੰਡ ਰੰਗੀਆ ਨਿਵਾਸੀ ਭੁਪਿੰਦਰ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ। ਉਕਤ ਮੁਲਜਮ ਗੁਰਪ੍ਰੀਤ ਸਿੰਘ ਨੇ ਉਸ ਨੂੰ ਮੰਤਰੀਆਂ ਤੇ ਹੋਰ ਅਧਿਕਾਰੀਆਂ ਨਾਲ ਫੋਟੋਆਂ ਦਿਖਾ ਕੇ ਝਾਂਸੇ ਵਿਚ ਲੈ ਕੇ ਉਸ ਕੋਲੋਂ ਤੇ ਉਸ ਦੇ ਰਿਸ਼ਤੇਦਾਰਾਂ ਕੋਲੋਂ 18 ਲੱਖ ਰੁਪਏ ਖਾਤੇ ਵਿਚ ਵਿਚ ਟਰਾਂਸਫਰ ਕਰਵਾ ਲਏ ਤੇ ਬਾਅਦ ਵਿਚ ਫੋਨ ਚੁੱਕਣਾ ਵੀ ਬੰਦ ਕਰ ਦਿੱਤਾ। ਜਿਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ।

ਵੱਡਾ ਕਾਂਡ ਕਰ ਗਿਆ ਫਾਇਨਾਂਸ ਕੰਪਨੀ ਦਾ ਮੁਲਾਜ਼ਮ, ਕੰਪਨੀ ਵਾਲੇ ਕਰਦੇ ਰਹਿ ਗਏ ਫੋਨ

ਏਜੰਸੀਆਂ

ਮੋਗਾ 16 ਮਈ। ਫਿਊਜ਼ਨ ਮਾਈਕਰੋ ਫਾਇਨਾਂਸ ਲਿਮਟਿਡ ਕੰਪਨੀ ਵਿਚ ਕੰਮ ਕਰਦੇ ਮੁਲਾਜ਼ਮ ਵੱਲੋਂ ਵੱਖ-ਵੱਖ ਪਿੰਡਾਂ ਵਿਚ ਕਿਸ਼ਤਾਂ ਨਾਲ ਇਕੱਠੇ ਕੀਤੇ ਗਏ 5 ਲੱਖ 43 ਹਜ਼ਾਰ 309 ਰੁਪਏ ਲੈ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਪੁਲਸ ਨੇ ਜਾਂਚ ਤੋਂ ਬਾਅਦ ਕੰਪਨੀ ਅਧਿਕਾਰੀ ਨਛੱਤਰ ਸਿੰਘ ਨਿਵਾਸੀ ਕਾਸੂਬੇਗੂ ਕੁਲਗੜੀ ਫਿਰੋਜ਼ਪੁਰ ਦੀ ਸ਼ਿਕਾਇਤ 'ਤੇ ਕਥਿਤ ਮੁਲਜ਼ਮ ਨਿਰਮਲ ਸਿੰਘ ਨਿ